ਜੂਨ 2005

# ਅੰਮ੍ਰਿਤ ਕੀਰਤਨ

# Amrit Kirtan




ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 6 ◆ ਸਾਲ ਸਤਾਰਵਾਂ ◆ ਜੂਨ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/05.05.2004 valid upto 31.03.2007

**ਚੰਦੇ ਦਾ ਵੇਰਵਾ**

▲ **ਦੇਸ਼**: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼**: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
**ਸੰਪਾਦਕ, 'ਅੰਮ੍ਰਿਤ ਕੀਰਤਨ'**
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ**<br>*ਰਮੇਸ਼ ਸਿੰਘ* | 3 |
| **ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ**<br>*ਪ੍ਰੋ. ਬ੍ਰਹਮ ਜਗਦੀਸ਼ ਸਿੰਘ* | 7 |
| **ਪਗੜੀ/ਦਸਤਾਰ ਅਤੇ ਸਿੱਖ**<br>*ਡਾ. ਗੁਰਚਰਨ ਸਿੰਘ ਸਾਕੀ* | 9 |
| **ਧਰਮ ਅਤੇ ਸੰਗੀਤ ਦਾ ਸੰਬੰਧ**<br>*ਸਵਰਨਜੀਤ ਕੌਰ* | 13 |
| **ਰਾਗ ਵਿਵਰਨ**<br>*ਪ੍ਰੋ. ਕਰਤਾਰ ਸਿੰਘ* | 14 |
| **ਮਹਾਨ ਕੀਰਤਨੀਏ - ਉਸਤਾਦ ਬਾਬਾ ਮੁਖਤਿਆਰ ਸਿੰਘ...**<br>*ਭਾਈ ਅਵਤਾਰ ਸਿੰਘ* | 16 |
| **Percussion Instruments: Jori**<br>*Dr. B.S. Rattan, Bhai Baldeep Singh* | 19 |
| **ਸੁਰ ਲਿਪੀ**<br>*ਡਾ. ਜਾਗੀਰ ਸਿੰਘ* | 23 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ** 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

## ਕਰਉ ਬੇਨੰਤੀਆ

# ਐਸੋ ਭਾਉ ਬਿਦਰ ਕੋ ਦੇਖਿਓ

ਅੱਜਕਲ੍ਹ ਏ ਪੀ ਜੇ ਅਬਦੁਲ ਕਲਾਮ ਦੀ ਪੁਸਤਕ 'ਇਗਨਾਇਟਡ ਮਾਂਇੰਡਸ' ਪੜ੍ਹ ਰਿਹਾ ਹਾਂ। ਇਸ ਵਿਚ ਇਕ ਵਿਦਿਆਰਥੀ ਦੇ ਪ੍ਰਸ਼ਨ ਦੇ ਉੱਤਰ ਵਿਚ ਉਹ ਦਸਦੇ ਹਨ ਕਿ ਉਨ੍ਹਾਂ ਨੂੰ ਮਹਾਂਭਾਰਤ ਵਿਚ ਬਿਦਰ ਨਾਮਕ ਪਾਤਰ ਵਧੇਰੇ ਪਸੰਦ ਹੈ। ਬਿਦਰ ਵਿਚ ਉਸ ਵੇਲੇ ਦੀ ਸਰਕਾਰ ਦੀਆਂ ਗਲਤੀਆਂ ਦੇ ਖ਼ਿਲਾਫ਼ ਬੋਲਣ ਦੀ ਜੁਅੱਰਤ ਸੀ। ਅੱਜਕਲ੍ਹ ਦੇ ਸਮੇਂ ਵਿਚ ਆਪਣੇ ਲੀਡਰਾਂ ਵਿਚੋਂ ਅਜਿਹੀ ਜੁਅੱਰਤ ਵਾਲਾ ਵਿਅਕਤੀ ਲੱਭਣਾ ਮੁਸ਼ਕਿਲ ਹੈ। ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼ ਵਿਚ ਬਿਦਰ ਬਾਰੇ ਲਿਖਿਆ ਹੈ: ਰਾਜਾ ਵਿਚਿਤ੍ਰਵੀਰਯ ਦਾ ਉਸ ਦੀ ਦਾਸੀ ਸੁਦੇਸ਼ਣਾ ਤੋਂ ਵਿਆਸ ਦੁਆਰਾ ਪੈਦਾ ਕੀਤਾ ਪੁੱਤਰ ਜੋ ਮਹਾਂਭਾਰਤ ਵਿਚ ਦਾਸ-ਸੁਤ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਬਹੁਤ ਹੀ ਨੀਤੀਵਾਨ ਅਤੇ ਪਾਂਡਵਾਂ ਅਤੇ ਕੌਰਵਾਂ ਦਾ ਹਿਤ-ਚਿੰਤਕ ਸੀ। ਇਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਯੁੱਧ ਟਲ ਜਾਵੇ, ਪਰ ਸਫਲ ਨਾ ਹੋ ਸਕਿਆ। ਇਸ ਨੇ ਦ੍ਰੋਪਦੀ ਦੇ ਚੀਰ-ਹਰਨ ਵੇਲੇ ਆਵਾਜ਼ ਉਠਾ ਕੇ ਕੌਰਵਾਂ ਨੂੰ ਅਜਿਹਾ ਪਾਪ ਕਰਨ ਤੋਂ ਵਰਜਿਆ ਸੀ। ਇਸ ਨੇ ਹੀ ਸਮੇਂ ਸਿਰ ਸੂਚਿਤ ਕਰਕੇ ਪਾਂਡਵਾਂ ਨੂੰ ਲਾਖ ਦੇ ਘਰ ਵਿਚ ਭਸਮ ਹੋਣ ਤੋਂ ਬਚਾਇਆ ਸੀ।

ਇਸ ਦੀ ਸਾਤਵਿਕ ਰੁਚੀ ਅਤੇ ਧਰਮ-ਭਾਵਨਾ ਤੋਂ ਸ੍ਰੀ ਕ੍ਰਿਸ਼ਣ ਬਹੁਤ ਪ੍ਰਭਾਵਿਤ ਸਨ। ਇਸੇ ਲਈ ਸ੍ਰੀ ਕ੍ਰਿਸ਼ਣ ਨੇ ਦੁਰਯੋਧਨ ਦੇ ਰਾਜ ਮਹੱਲ ਵਿਚ ਰਹਿਣ ਦੀ ਥਾਂ ਬਿਦਰ ਦੀ ਕੁਟੀਆ ਵਿਚ ਰਹਿ ਕੇ ਸਾਗ-ਪਾਤ ਖਾਣ ਨੂੰ ਅਧਿਕ ਮਹੱਤਵ ਦਿੱਤਾ, ਕਿਉਂਕਿ ਦੁਰਯੋਧਨ ਦੇ ਮਨ ਵਿਚ ਸਾਤਵਿਕ ਭਾਵ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵੀ ਬਿਦਰ ਦੀ ਉਸਤਤ ਕੀਤੀ ਗਈ ਹੈ।

*ਪੁਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥*
ਪੰਨਾ 733

*ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥*
ਪੰਨਾ 995

*ਦੀਨਾ ਦੀਨ ਦਇਆਲ ਭਏ ਹੈਂ*
*ਜਿਉ ਕ੍ਰਿਸਨੁ ਬਿਦਰੁ ਘਰਿ ਆਇਆ॥* ਪੰਨਾ 1191

*ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥*
ਪੰਨਾ 1309

ਗੁਰੂ ਅਰਜਨ ਦੇਵ ਜੀ ਬਿਦਰ ਬਾਰੇ ਉਚਾਰਦੇ ਹਨ:

*ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥*
ਪੰਨਾ 999

*ਬਿਦਰੁ ਉਧਾਰਿਓ ਦਾਸਤ ਭਾਇ॥* ਪੰਨਾ 1192

ਭਗਤ ਨਾਮ ਦੇਵ ਨੇ ਬਿਦਰੁ ਵੱਲ ਸੰਕੇਤ ਕੀਤਾ ਹੈ:

*ਦਾਸੀ ਸੁਤ ਜਨ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥*
ਪੰਨਾ 345

ਭੱਟ ਕਲ ਵੀ ਬਿਦਰ ਲਈ ਸਤਿਕਾਰ ਭੇਟ ਕਰਦਾ ਹੈ:

*ਉਧੌ ਅਕ੍ਰੂਰ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥*
ਪੰਨਾ 1389

ਭਗਤ ਕਬੀਰ ਨੇ ਤਾਂ ਬਿਦਰ ਬਾਰੇ ਕ੍ਰਿਸ਼ਨ ਜੀ ਦੇ ਪ੍ਰੇਮ ਸਾਰੇ ਪੂਰਾ ਸ਼ਬਦ ਰਚਿਆ ਹੈ:

*ਰਾਜਨ ਕਉਨ ਤੁਮਾਰੈ ਆਵੈ॥*
*ਐਸੋ ਭਾਉ ਬਿਦਰੁ ਕੋ ਦੇਖਿਓ*
*ਓਹੁ ਗਰੀਬੁ ਮੋਹਿ ਭਾਵੈ॥ ਰਹਾਉ॥*
*ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨ ਨ ਜਾਨਿਆ॥*
*ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤ ਕਰਿ ਮੈ ਮਾਨਿਆ॥*
*ਖੀਰ ਸਮਾਨਿ ਸਾਗੁ ਮੈਂ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥*
*ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥*

ਭਾਈ ਗੁਰਦਾਸ ਜੀ ਨੇ ਬਿਦਰ ਦੇ ਪ੍ਰੇਮ ਦੀ ਮਹਿਮਾ ਨੂੰ ਇਕ ਪਉੜੀ ਵਿਚ ਇੰਜ ਬਿਆਨ ਕੀਤਾ ਹੈ:

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨਿ ਹੋਇ ਰੁਖਾ।*
*ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕੇ ਸੁਖਾ।*
*ਭੀਖਮ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।*
*ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।*
*ਹਸ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।*
*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ।*
*ਗੋਬਿੰਦ ਭਾਉ ਭਗਤ ਦਾ ਭੁਖਾ।*

ਇਸ ਤਰ੍ਹਾਂ ਜਿਥੇ ਸਾਡੇ ਮੌਜੂਦਾ ਰਾਸ਼ਟਰਪਤੀ ਬਿਦਰ ਦੇ ਅਨਿਆ ਦੇ ਖ਼ਿਲਾਫ ਬੋਲਣ ਦੀ ਜੁਅੱਰਤ ਤੋਂ ਪ੍ਰਭਾਵਿਤ ਹਨ ਉਥੇ ਗੁਰੂ ਸਾਹਿਬਾਨ, ਭਗਤ, ਭੱਟ ਅਤੇ ਭਾਈ ਗੁਰਦਾਸ ਜੀ ਬਿਦਰ ਦੇ ਦਾਸੀ ਸੁਤ ਹੋਣ ਦੇ ਬਾਵਜੂਦ ਉਸ ਦੇ ਭਗਵਾਨ ਨਾਲ ਅਨਿਨ ਪ੍ਰੇਮ ਦੀ ਚਰਚਾ ਕਰਦੇ ਹਨ। ਸ਼ਾਇਦ ਸੁੱਚਾ ਪ੍ਰੇਮ ਕਰਨ ਵਾਲਿਆਂ ਵਿਚ ਹੀ ਅਨਿਆ ਅਤੇ ਝੂਠ ਦੇ ਖ਼ਿਲਾਫ਼ ਬੋਲਣ ਦੀ ਜੁਅੱਰਤ ਹੁੰਦੀ ਹੈ।

# ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ

ਰਮੇਸ਼ ਸਿੰਘ : ਸੀ-131, ਸੋਨਾਰੀ ਵੈਸਟ, ਜਮਸ਼ੇਦਪੁਰ 831 011 (ਝਾਰਖੰਡ)

ਗੁਰੂ ਰਾਮਦਾਸ ਜੀ ਆਖਦੇ ਹਨ, "ਸਤਿਗੁਰ, ਪੁਰਖੁ ਅੰਮ੍ਰਿਤਸਰ ਵਡਭਾਗੀ ਨਾਵਹਿ ਆਇ॥ ਉਨ ਜਨਮ ਜਨਮ ਕੀ ਮੈਲ ਉਤਰੈ ਨਿਰਮਲ ਨਾਮੁ ਦ੍ਰਿੜਾਇ॥" (ਪੰਨਾ 40) ਗੁਰੂ ਅਰਥਾਤ ਗੁਰੂ ਦੀ ਬਾਣੀ, ਕਿਉਂਕਿ ਬਾਣੀ ਹੀ ਸਾਡਾ ਗੁਰੂ ਹੈ, ਅੰਮ੍ਰਿਤ ਦਾ ਸਰੋਵਰ ਹੈ, ਜਿਸ ਦੇ ਵੱਡੇ ਭਾਗ ਹੁੰਦੇ ਹਨ, ਉਹ ਇਸ ਬਾਣੀ ਦੇ ਸਰੋਵਰ ਵਿਚ ਆਪਣੇ ਮਨ ਦਾ ਇਸ਼ਨਾਨ ਕਰਾ ਕੇ ਜਨਮਾਂ-ਜਨਮਾਂ ਦੀ ਲੱਗੀ ਮੈਲ ਧੋ ਕੇ ਇਸਨੂੰ ਨਿਰਮਲ- ਸਾਫ ਕਰ ਲੈਂਦਾ ਹੈ। ਇਸ ਲਈ ਗੁਰੂ ਸਾਹਿਬ ਬਾਣੀ ਅੰਦਰ ਸਤਿਸੰਗ ਤੇ ਬੜਾ ਜੋਰ ਦੇਂਦੇ ਹਨ ਤੇ ਆਖਦੇ ਹਨ ਕਿ ਬੜੀ ਕਿਸਮਤ ਨਾਲ ਸਤਿਸੰਗ ਪ੍ਰਾਪਤ ਹੁੰਦਾ ਹੈ ਤੇ ਜੇ ਅਸੀਂ ਸਤਿਸੰਗ ਨਹੀਂ ਕਰਦੇ ਤਾਂ ਮਨ ਪੰਜਾਂ ਚੋਰਾਂ ਦੇ ਵਸ ਪੈ ਕੇ ਹੋਰ-ਹੋਰ ਮੈਲ ਜਮ੍ਹਾ ਕਰਦੇ ਰਹਿੰਦੇ ਹਾਂ ਤੇ ਸਾਡਾ ਜੀਵਨ ਪਸ਼ੂਆਂ ਵਾਲਾ ਹੋ ਨਿਬੜਦਾ ਹੈ। ਵੇਖੋ ਗੁਰਬਾਣੀ ਦੇ ਫੁਰਮਾਨ:-

*ਆਉ ਸਖੀ ਹਰਿ ਮੇਲੁ ਕਰੇਹਾ,*
*ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥* (ਪੰਨਾ 95)

*ਵਡਭਾਗੀ ਸਾਧਸੰਗੁ ਪ੍ਰਾਪਤਿ,*
*ਤਿਨ ਭੇਟਤ ਦੁਰਮਤਿ ਖੋਈ॥* (ਪੰਨਾ 617)

*ਬਿਨੁ ਭਾਗਾ ਸਤਿਸੰਗੁ ਨ ਲਭੈ,*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ॥* (ਪੰਨਾ 95)

*ਬਿਨੁ ਸੰਗਤੀ ਸਭਿ ਐਸੇ, ਰਹਹਿ ਜੈਸੇ ਪਸੁ ਢੋਰ॥*
(ਪੰਨਾ 427)

ਜੇ ਇਨਸਾਨ ਪ੍ਰਭੂ ਮਾਰਗ ਦਾ ਪਾਂਧੀ ਨਹੀਂ ਬਣਦਾ ਤਾਂ ਮਨ ਦੀ ਖੇਡ ਸਮਝ ਹੀ ਨਹੀਂ ਪਾਏਗਾ ਤੇ ਮੈਲੀ ਮਾਇਆ ਵਿਚ ਫਸ ਕੇ ਮਨ ਨੂੰ ਮੈਲਾ ਕਰਦਾ ਰਹੇਗਾ, ਭੈੜੇ ਕੰਮ ਕਰ ਕਰ ਕੇ। ਇਹ ਕੰਮ ਉਸਦੀ ਕਿਰਤ (ਸੁਭਾਅ) ਬਣ ਜਾਂਦੇ ਹਨ। ਬਿਨਾ ਵਜ੍ਹਾ ਦੇ ਝੂਠ ਬੋਲਣਾ, ਨਿੰਦਾ ਕਰਦੇ ਰਹਿਣਾ, ਦੁਨੀਆਂ ਦੇ ਕੰਮਾਂ ਨੂੰ ਧੰਧੇ ਬਣਾ ਲੈਣਾ। ਇਸੇ ਚੱਕਰ ਵਿਚ ਜਿੰਦਗੀ ਬੀਤ ਜਾਂਦੀ ਹੈ ਤੇ ਇਹ ਮੈਲ ਲੈ ਕੇ ਉਹ ਸੰਸਾਰ ਤੋਂ ਵਿਦਾ ਹੋ ਜਾਂਦਾ ਹੈ; ਫਿਰ ਜੰਮਦਾ ਹੈ, ਹੋਰ ਮੈਲ ਜਮਾ ਕਰਦਾ ਹੈ। ਤੇ ਫਿਰ ਮਰ ਜਾਂਦਾ ਹੈ। ਇਹ ਸਿਲਸਿਲਾ ਚੱਲਦਾ ਹੀ ਰਹਿੰਦਾ ਹੈ।

*ਜਮਿ ਜਮਿ ਮਰੈ, ਮਰੈ ਫਿਰਿ ਜੰਮੈ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ॥* (ਪੰਨਾ 1019)

ਅਤੇ

*ਆਵਾ ਗਵਨੁ ਹੋਤੁ ਹੈ ਫੁਨਿ ਫੁਨਿ*
*ਇਹੁ ਪਰਸੰਗੁ ਨ ਤੂਟੈ॥* (ਪੰਨਾ 970)

ਸਾਡੀ ਇਹ ਤਰਸਯੋਗ ਹਾਲਤ ਵੇਖ ਦਿਆਲੂ, ਕਿਰਪਾਲੂ ਪ੍ਰਭੂ ਕਿਰਪਾ ਕਰਕੇ ਸਾਨੂੰ ਸਤਿਸੰਗ ਬਖਸ਼ਦੇ ਹਨ। ਪੂਰੇ ਗੁਰੂ ਦੀ ਸੰਗਤ, ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦੇਂਦੇ ਹਨ, ਜਿਸ ਵਿਚ ਪਹਿਲਾਂ ਸਾਡਾ ਸੁੱਤਾ ਹੋਇਆ ਮਨ ਆਪਣੀ ਪਛਾਣ ਕਰਦਾ ਹੈ ਆਪਣੀ ਮੈਲ (ਅਰਥਾਤ ਅਵਗੁਣ, ਗੁਨਾਹ, ਪਾਪ) ਵੇਖ ਪਾਂਦਾ ਹੈ, ਆਪਣੀ ਨੀਚਤਾ, ਆਪਣੇ ਅਉਗੁਣਾਂ ਤੋਂ ਸ਼ਰਮਿੰਦਾ ਹੁੰਦਾ ਹੈ। ਫਿਰ ਕੋਸ਼ਿਸ਼ ਤੇ ਅਰਦਾਸਾਂ ਕਰ ਕਰ ਕੇ ਇਹ ਮੈਲ ਧੋਂਦਾ ਹੈ ਗੁਰੂ/ਪ੍ਰਭੂ ਦੀ ਮਿਹਰ ਦੁਆਰਾ ਤੇ ਮਨ ਨੂੰ ਨਿਰਮਲ ਕਰ ਪਾਂਦਾ ਹੈ। ਵੇਖੋ, ਗੁਰੂ ਦੇ ਬਚਨ:-

*ਲਖ ਚਉਰਾਸੀਹ ਭ੍ਰਮਤੇ ਦੁਲਭ ਜਨਮੁ ਅਬ ਪਾਇਓ॥*
(ਪੰਨਾ 1017)

*ਮਨ ਤੂੰ ਜੋਤ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
(ਪੰਨਾ 441)

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥* (ਪੰਨਾ 1406)

*ਕਾਮ ਕ੍ਰੋਧ ਮਾਇਆ ਮਦ ਮਤਸਰ,*
*ਏ ਸੰਪੈ ਮੋ ਮਾਹੀ॥*
*ਦਇਆ ਧਰਮੁ ਅਰੁ ਗੁਰ ਕੀ ਸੇਵਾ*
*ਏ ਸੁਪਨੰਤਰਿ ਨਾਹੀ॥* (ਪੰਨਾ 971)

*ਕਹੁ ਨਾਨਕ ਪ੍ਰਭ ਬਿਨਉ ਸੁਨੀਜੈ॥*
*ਕੁਚਲ ਕਠੋਰੁ ਕਾਮੀ ਮੁਕਤੁ ਕੀਜੈ॥* (ਪੰਨਾ 738)

ਸਤਿਸੰਗ ਵਿਚ ਪਹਿਲਾਂ ਬੰਦੇ ਨੂੰ ਆਪਣੀ ਔਕਾਤ ਦਾ ਪਤਾ ਲੱਗਦਾ ਹੈ, ਵਰਨਾ ਕੁਛ ਨਾ ਹੁੰਦਿਆਂ ਵੀ ਭੁਲੇਖੇ ਵਿਚ ਉਹ ਕੁਝ ਬਣ ਬੈਠਦਾ ਹੈ ਤੇ ਹਉਮੈ ਦਾ ਸ਼ਿਕਾਰ ਹੋ ਕੇ ਮੈਲ ਦੇ ਢੇਰ ਵਿਚ ਜਾ ਪੈਂਦਾ ਹੈ।

*ਇਕਿ ਮੂਲੁ ਨ ਬੁਝਨਿ ਆਪਣਾ*
*ਅਣਹੋਂਦਾ ਆਪੁ ਗਣਾਇਦੇ॥*
(ਆਸਾ ਦੀ ਵਾਰ/ਪਉੜੀ-ਛੰਦ 9)

ਤੇ ਹਰ ਪਾਸਿਓਂ ਗੰਦਗੀ ਚੁਮਟਦੀ ਹੈ ਉਸਦੇ ਮਨ ਨੂੰ। ਗੁਰੂ ਸਾਹਿਬ ਸਾਡੇ ਸੁੱਤੇ ਮਨ ਨੂੰ ਜਗਾ ਕੇ ਪ੍ਰੇਰਣਾ ਦੇਂਦੇ ਹਨ, ਐ ਮਨਾ! ਜੇ ਤੈਨੂੰ ਕੁਝ ਪ੍ਰਾਪਤੀ ਹੋਈ ਹੈ ਤਾਂ ਮਾਣ ਨਾ ਕਰ ਬੈਠੀਂ; ਤੇਰੇ ਅੰਦਰ ਅਗਿਆਨਤਾ ਕਰਕੇ ਹਉਂ ਵਾਲੀ ਬੁੱਧੀ ਹੈ, ਇਸਨੂੰ ਸੱਚੇ ਸ਼ਬਦ (ਗੁਰੂ ਉਪਦੇਸ਼) ਤੇ ਅਮਲ ਕਰ ਕਰ ਕੇ ਧੋ ਲੈ, ਨਿਮਰਤਾ ਧਾਰਨ ਕਰ, ਵਰਨਾ ਵੇਖ ਕਿਵੇਂ ਸਾਰੀ ਦੁਨੀਆਂ ਹੰਕਾਰ ਦੀ ਅੱਗ ਵਿਚ ਸੜ ਰਹੀ ਹੈ, ਤੂੰ ਇਸ ਤੋਂ ਬੱਚ ਸਕਦਾ ਹੈਂ। ਬਸ਼ਰਤੇ ਗੁਰੂ ਦੇ ਆਖੇ ਲੱਗ ਕੇ ਮੈਂ ਮੇਰੀ ਛੱਡ ਕੇ ਸਭ ਦੀ ਚਰਨ ਧੂੜ ਬਣ ਕੇ ਰਹੇਂ-

*ਮਨ ਤੂੰ ਮਤ ਮਾਣ ਕਰਹਿ*
*ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥*
*ਅੰਤਰਿ ਅਗਿਆਨੁ ਹਉ ਬੁਧਿ ਹੈ*
*ਸਚਿ ਸਬਦਿ ਮਲੁ ਖੋਹੁ॥*
*ਹੋਹੁ ਨਿਮਾਣਾ ਸਤਿਗੁਰੂ ਅਗੈ*
*ਮਤ ਕਿਛੁ ਆਪੁ ਲਖਾਵਹੇ॥*
*ਆਪਣੈ ਅਹੰਕਾਰਿ ਜਗਤੁ ਜਲਿਆ*
*ਮਤ ਤੂੰ ਆਪਣਾ ਆਪੁ ਗਵਾਵਹਿ॥* (ਪੰਨਾ 441)

ਜਦੋਂ ਪਹਿਲੀ ਵਾਰ ਗੁਰੂ ਕਿਰਪਾ ਸਦਕਾ ਸਤਿਸੰਗ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਕਿਵੇਂ ਗੁਰਮਤਿ ਦੀਆਂ ਗੱਲਾਂ ਨੇ ਮੇਰੇ ਸੁੱਤੇ ਮਨ ਨੂੰ ਜਗਾ ਕੇ ਆਪਣੀ ਮੈਲ ਵੇਖਣ ਲਈ ਮਜ਼ਬੂਰ ਕੀਤਾ, ਇਕ ਨਿਜੀ ਅਨੁਭਵ ਸਾਂਝਾ ਕਰਦਾ ਹਾਂ। ਕਈ ਵਰ੍ਹੇ ਪਹਿਲਾਂ ਦੀ ਗੱਲ ਹੈ, ਇਕ ਨਾਮ ਰਸੀਏ, ਸਤਿਗੁਰਾਂ ਦੀ ਰਹਿਮਤ ਦਾ ਪਾਤਰ ਬਣੇ, 1699 ਦੀ ਵਿਸਾਖੀ ਵਾਲਾ ਖਾਲਸਾ ਬਨਣ ਦੀ ਤੀਬਰ ਇੱਛਾ ਰੱਖਣ ਵਾਲੇ ਤੇ ਨਿਤ ਇਸਦੀ ਅਰਦਾਸ ਕਰਨ ਵਾਲੇ ਗੁਰਮੁਖ ਪਿਆਰਿਆਂ ਨਾਲ ਸਤਿਸੰਗ ਚੱਲ ਰਿਹਾ ਸੀ। ਕੁਝ ਗੈਰਸਿੱਖ ਵੀ ਮੌਜੂਦ ਸਨ MRA (Moral Rearmament Association) ਨਾਲ ਸਬੰਧਿਤ। ਇਕ ਡਾਕਟਰ ਨੇ ਪੁੱਛਣ ਤੇ ਦੱਸਿਆ ਕਿ ਉਹ ਇਸ ਸੰਸਥਾ ਨਾਲ ਜੁੜ ਕੇ ਸਮਾਜ ਸੇਵਾ ਦੇ ਕਈ ਕੰਮ ਕਰ ਰਹੇ ਹਨ। ਗੁਰਮੁਖਾਂ ਨੇ ਪੁੱਛ ਲਿਆ, ਆਪਨੂੰ ਇਸ ਪ੍ਰੇਰਣਾ ਲਈ MRA ਦੀ ਲੋੜ ਕਿਉਂ ਪਈ। ਇਹ ਗੱਲਾਂ ਤਾਂ ਸਾਡੇ ਧਰਮ ਗ੍ਰੰਥਾਂ ਵਿਚ ਪਹਿਲਾਂ ਹੀ ਦਰਜ ਹਨ, ਆਪਨੇ ਉਨ੍ਹਾਂ ਨੂੰ ਸੁਣਿਆ-ਪੜ੍ਹਿਆ ਨਹੀਂ? ਕੀ ਕੇਵਲ ਚੌਧਰਪੁਣੇ ਲਈ ਤਾਂ ਇਹ ਸੰਸਥਾ ਖੜੀ ਨਹੀਂ ਕੀਤੀ? ਇਹ ਕਹਿੰਦਿਆਂ ਸਾਰ ਉਨ੍ਹਾਂ ਉਸ ਡਾਕਟਰ ਦੀ ਪਤਨੀ, ਜੋ ਨਾਲ ਹੀ ਬੈਠੀ ਸੀ ਨੂੰ ਪੁੱਛ ਲਿਆ ਕਿ ਕੀ ਆਪ ਦੋਵੇਂ ਪਤੀ-ਪਤਨੀ ਕਦੇ ਕਦੇ ਆਪਸ ਵਿਚ ਖਹਿਬੜ ਵੀ ਪੈਂਦੇ ਹੋ? ਉਸ ਜੁਆਬ ਦਿੱਤਾ, "ਇਹ ਤਾਂ ਲਗਭਗ ਰੋਜ਼ ਹੀ ਹੁੰਦਾ ਹੈ। ਮੈਂ ਵੀ ਡਾਕਟਰ ਹਾਂ। ਸਵੇਰੇ ਬੱਚਿਆਂ ਨੇ ਸਕੂਲ ਜਾਣਾ ਹੁੰਦਾ ਹੈ। ਨਾਸ਼ਤਾ ਬਣਾਉਂਦੀ ਹਾਂ ਤੇ ਘਰ ਦੇ ਹੋਰ ਕਈ ਕੰਮ ਕਰਨੇ ਹੁੰਦੇ ਹਨ। ਪਰ ਨਾਸ਼ਤਾ ਤਿਆਰ ਹੋਣ ਵਿਚ ਥੋੜੀ ਵੀ ਦੇਰ ਹੋਣ ਨਾਲ ਪਤੀ ਗੁੱਸੇ ਹੋ ਕੇ ਬੋਲਣ ਲੱਗ ਪੈਂਦੇ ਹਨ ਕਿ ਮੈਂ ਤੇਰੇ ਕਰਕੇ ਲੇਟ ਹੋ ਜਾਂਦਾ ਹਾਂ। ਮੈਂ ਵੀ ਖਿੱਝ ਕੇ ਕਹਿ ਦੇਂਦੀ ਹਾਂ, ਆਪ ਗੁੱਸਾ ਕਰਨ ਦੀ ਬਜਾਇ ਮੇਰੀ ਮੱਦਦ ਕਿਉਂ ਨਹੀਂ ਕਰਦੇ? ਬਸ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਕਾਰਨ ਅਸੀਂ ਫਿਸ ਪੈਂਦੇ ਹਾਂ।" ਗੁਰਮੁਖਾਂ ਨੇ ਕਿਹਾ, ਆਮ ਇਨਸਾਨ ਇਹ ਕਰੇ ਤਾਂ ਸਮਝ ਆਉਂਦੀ ਹੈ ਪਰ ਆਪ ਦੋਵੇਂ ਤਾਂ MRA ਨਾਲ ਜੁੜੇ ਹੋ, ਆਪਨੂੰ ਐਸਾ ਕਰਨਾ ਸ਼ੋਭਾ ਨਹੀਂ ਦੇਂਦਾ। ਨਾਲ ਹੀ ਉਨ੍ਹਾਂ ਜਿਹੜੀ ਗੱਲ ਕਹੀ ਉਸ ਮੈਨੂੰ ਪੂਰੀ ਤਰ੍ਹਾਂ ਅੰਦਰੋਂ ਝਕਝੋਰ ਕੇ ਰੱਖ ਦਿੱਤਾ। ਕਹਿਣ ਲੱਗੇ- "ਮੈਂ ਅਕਸਰ ਕਿਹਾ ਕਰਦਾ ਹਾਂ ਕਿ ਜੋ ਕੋਈ ਵੀ ਪ੍ਰਭੂ ਮਾਰਗ ਦਾ ਪਾਂਧੀ ਬਨਣਾ ਚਾਹੁੰਦਾ ਹੈ ਉਸਨੂੰ ਆਪਣੀ ਪਤਨੀ ਦੇ ਪੈਰਾਂ ਥਲਿਓਂ ਲੰਘ ਕੇ ਜਾਣਾ ਪਵੇਗਾ, ਪਤੀ-ਪਤਨੀ ਦੁਹਾਂ ਲਈ ਇਹ ਲਾਜ਼ਮੀ ਹੈ ਪਰ ਭਾਰਤੀ ਸਮਾਜ ਵਿਚ ਪਤੀ ਲਈ ਵਧ ਮੁਸ਼ਕਲ ਹੈ ਕਿਉਂਕਿ ਉਹ ਸਾਰੀ ਦੁਨੀਆਂ ਅੱਗੇ ਭਾਵੇਂ ਝੁਕ ਜਾਏ ਪਰ ਘਰ ਵਿਚ ਤਾਂ ਉਹ ਪਤਨੀ ਨੂੰ ਆਪਣੇ ਅੱਗੇ ਝੁਕਾ ਕੇ ਰੱਖੇਗਾ। ਇਹ ਸੁਣ ਉਹ ਡਾਕਟਰ ਦੰਪਤੀ ਤਾਂ ਚੁਪ ਕਰ ਗਏ ਪਰ ਮੈਂ ਅੰਦਰੋਂ ਹਿਲ ਗਇਆ, ਮਜ਼ਬੂਰ ਹੋ ਗਿਆ ਆਪਣੀਆਂ ਕਰਤੂਤਾਂ ਵੇਖਣ ਲਈ। ਮੈਂ ਰੋਜ਼ ਆਫਿਸ ਤੋਂ 12.45-1 ਵਜੇ ਦੁਪਹਿਰ ਘਰ ਆਉਂਦਾ ਸੀ ਲੰਚ ਲਈ, ਮੇਰੀ ਇਹ ਤੀਬਰ ਚਾਹਤ ਹੁੰਦੀ ਸੀ ਕਿ ਘਰ ਪਹੁੰਚਦਿਆਂ ਸਾਰ ਹੀ ਖਾਣਾ ਖਾ ਕੇ ਅਖ਼ਬਾਰ ਤੇ ਝਾਤ ਮਾਰ ਲਵਾਂ ਤੇ ਫਿਰ ਕੁਝ ਦੇਰ ਝਪਕੀ ਲੈ ਕੇ 2 ਵਜੇ ਆਫਿਸ ਚਲਾ ਜਾਵਾਂ। ਅਕਸਰ ਲੰਚ ਤਿਆਰ ਹੋਣ ਵਿਚ ਦੇਰ ਹੋ ਜਾਂਦੀ ਤੇ ਮੈਂ ਆਪਣੀ ਪਤਨੀ ਤੇ 'ਹਉ' ਵਸ ਹੋ ਕੇ ਭੌਂਕ ਪੈਂਦਾ ਤੇ ਮੇਰੀ ਪਤਨੀ ਦਾ ਜੁਆਬ ਵੀ ਗੁੱਸੇ ਵਿਚ ਹੁੰਦਾ-ਮੈਨੂੰ ਇਕੱਲੀ ਨੂੰ ਸਾਰੇ ਕੰਮ ਕਰਨੇ ਪੈਂਦੇ ਹਨ, ਤੁਸੀਂ ਦਸ ਮਿੰਟ ਰੁਕ ਨਹੀਂ ਸਕਦੇ? ਸਾਡੀ ਇਹ ਖਿਚ-ਖਿਚ ਕਈ ਸਾਲ ਚਲਦੀ ਰਹੀ ਸੀ। ਜਦੋਂ ਗੁਰਮੁਖ ਪਿਆਰਿਆਂ ਦੀ ਗੱਲ- ਪਤਨੀ ਦੇ ਪੈਰਾਂ ਹੇਠੋਂ ਲੰਘ ਕੇ ਆਉਣ ਵਾਲੀ- ਸੁਣੀ ਤਾਂ ਅੰਦਰ ਹੀ ਅੰਦਰ ਬਹੁਤ ਸ਼ਰਮਿੰਦਾ ਹੋਇਆ, ਮੈਂ ਕਿਤਨੇ ਭੁਲੇਖੇ ਵਿਚ ਸਾਂ, ਖੁਦ ਨੂੰ 'ਚੰਗਾ' ਸਮਝਦਾ ਸਾਂ, ਕਦੇ ਆਪਦੀ ਕਮਜ਼ੋਰੀ ਵੇਖ ਨਹੀਂ

ਪਾਇਆ, ਕਦੇ ਆਪਣੀ ਗਲਤੀ ਦਾ ਅਹਿਸਾਸ ਨਹੀਂ ਹੋਇਆ, ਗਲਤੀ ਦੇ ਬਾਵਜੂਦ ਖੁਦ ਨੂੰ ਠੀਕ ਸਮਝਦਾ ਰਿਹਾ ਤੇ ਮੁਆਫੀ ਮੰਗਣ ਦੀ ਬਜਾਇ ਕ੍ਰੋਧ ਕਰਦਾ ਰਿਹਾ। ਨਿਮਖ-ਨਿਮਖ ਮੇਰੀ ਪਾਲਨਾ ਕਰਨ ਵਾਲੇ ਪ੍ਰਭੂ ਪਿਤਾ ਨੇ ਆਪਣੇ ਨਾਲਾਇਕ, ਬਿਗੜੈਲ ਬੱਚੇ ਨੂੰ ਸਿੱਧੇ ਰਾਹ ਪਾਉਣ ਲਈ ਸਤਿਸੰਗਤ ਦੀ ਪਾਠਸ਼ਾਲਾ ਵਿਚ ਭੇਜਿਆ, ਪੜ੍ਹਾਈ ਦਾ ਇੰਤਜ਼ਾਮ ਕਰਾਇਆ ਤੇ ਹੋਰ ਰਹਿਮਤ ਕਰ ਕੇ ਮੇਰੇ ਮਨ ਦੀ ਅੱਖ ਖੋਲ੍ਹੀ। ਆਪਣੀ ਅਸਲੀਅਤ ਵੇਖ- ਮੈਂ ਇਤਨਾ ਭੈੜਾ ਸਾਂ- ਮੈਂ ਕੰਬ ਗਿਆ। ਅੰਦਰੋਂ-ਅੰਦਰੋਂ ਮੁਆਫੀ ਮੰਗੀ, ਪਰਣ ਕੀਤਾ ਮੁੜ ਐਸਾ ਨਹੀਂ ਕਰਾਂਗਾ ਤੇ ਇਸ ਲਈ ਪ੍ਰਭੂ ਤੋਂ ਤਾਕਤ ਮੰਗੀ। ਲੰਚ-ਬਰੇਕ ਵਿਚ ਘਰ ਆਉਂਦਿਆਂ ਸਾਰ ਮੈਂ ਅਖਬਾਰ ਵੇਖਣ ਲਗਦਾ ਤੇ ਖਾਣਾ ਤਿਆਰ ਹੋਣ 'ਤੇ ਖਾ ਕੇ ਆਰਾਮ ਕਰ ਲੈਂਦਾ, ਬਸ ਥੋੜੀ ਜਿਹੀ adjustment ਨਾਲ ਘਰ ਦਾ ਮਾਹੌਲ ਸ਼ਾਂਤੀਨੁਮਾ ਹੋ ਗਿਆ। ਹੋਰ ਕਮਾਲ ਵੇਖਿਆ ਕਿ ਕੁਝ ਦਿਨਾਂ ਬਾਅਦ (ਜਦ ਮੈਂ ਭੌਂਕਣਾਂ ਬੰਦ ਕਰ ਦਿੱਤਾ) ਮੇਰੇ ਬਗੈਰ ਕਹੇ, ਜੋਂ ਮੈਂ ਚਾਹੁੰਦਾ ਸਾਂ ਠੀਕ ਉਸੇ ਤਰ੍ਹਾਂ ਹੋਣ ਲਗ ਪਿਆ, invariably ਮੇਰੇ ਘਰ ਪਹੁੰਚਦਿਆਂ ਹੀ ਭੋਜਨ ਤਿਆਰ ਮਿਲਦਾ। ਮੈਂ ਗੁਰੂ ਦੀ ਸਿੱਖਿਆ ਤੋਂ ਬਲਿਹਾਰ ਜਾਣ ਲਗਾ ਕਿ ਕਿਵੇਂ ਸਤਿਗੁਰਾਂ ਦੇ ਹੁਕਮਾਂ 'ਤੇ ਇਕ ਕਿਨਕਾ ਅਮਲ ਦੁਆਰਾ ਸ਼ਾਂਤੀ ਤੇ ਸਕੂਨ ਉਪਜਦਾ ਹੈ, ਮੈਨੂੰ ਅਨੁਭਵੀ ਸਮਝ ਆਈ ਇਸ ਤੁਕ ਦੀ-

*ਬਿੰਦਕ ਗਲਿ ਸੁਣੀ ਸਚੇ ਤਿਸ ਧਣੀ॥*
*ਸੁਖੀ ਹੂੰ ਸੁਖ ਪਾਇ ਮਾਇ ਨ ਕੀ ਗਣੀ॥*

ਧਨਵਾਨ ਪ੍ਰਭੂ ਪਤੀ ਦੀ ਨਿੱਕੀ ਜਿਹੀ ਗੱਲ ਮੰਨਣ ਨਾਲ ਇਤਨੀ ਸੁਖ-ਸ਼ਾਂਤੀ ਉਪਜੀ ਹੈ ਕਿ ਮੈਂ ਬਿਆਨ ਨਹੀਂ ਕਰ ਸਕਦੀ।

ਗੁਰੂ ਸਾਹਿਬ ਨੇ ਹਉਮੈ ਦੀ ਬੀਮਾਰੀ ਨੂੰ ਦੀਰਘ ਰੋਗ ਕਿਹਾ ਹੈ ਤੇ ਦਵਾਈ ਵੀ ਇਸ ਅੰਦਰ ਹੀ ਹੈ, ਇਹ ਦੱਸਿਆ-

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
ਪੰਨਾ 466

ਰੋਗ ਲਾ ਇਲਾਜ ਹੈ, ਦੁਨੀਆਂ ਦਾ ਕੋਈ ਡਾਕਟਰ ਮੈਨੂੰ ਇਸ ਬੀਮਾਰੀ, ਗਾਂਧੀ ਜੀ ਇਸਨੂੰ mental loprosy (ਦਿਮਾਗ ਦਾ ਕੋਹੜ) ਆਖਦੇ ਸਨ, ਤੋਂ ਨਿਜ਼ਾਤ ਨਹੀਂ ਦੁਆ ਸਕਦਾ। ਸਤਿਗੁਰੂ ਵੈਦ ਪਹਿਲਾਂ ਸਾਨੂੰ ਇਸ ਬੀਮਾਰੀ ਤੋਂ ਜਾਣੂ ਕਰਾਂਦੇ ਹਨ, ਸਮਝਾਂਦੇ ਹਨ ਕਿ ਮੇਰੇ ਦੁਖਾਂ ਦਾ ਕਾਰਨ ਮੇਰੀ 'ਮੈਂ' ਹੀ ਹੈ ਤੇ ਫਿਰ ਉਸਦਾ ਇਲਾਜ ਇਹ ਦੱਸਦੇ ਹਨ- ਨਾਮ ਜਪਿਆ ਕਰ, ਅਰਥਾਤ ਸ਼ਬਦ ਦੀ ਕਮਾਈ ਕਰਿਆ ਕਰ, ਅਰਥਾਤ ਨਿਮਰਤਾ ਧਾਰਣ ਕਰ ਤੇ ਕਰੀ ਰੱਖੀਂ ਹਰ ਹਾਲ ਵਿਚ। ਹਉਮੈ ਨੂੰ ਸੱਟ ਵੱਜਦੀ ਹੈ ਤਾਂ ਬੰਦਾ ਭਾਉਂਕ ਪੈਂਦਾ ਹੈ, ਗੁਰੂ ਦਾ ਹੁਕਮ ਉਸਨੂੰ ਭੌਂਕਣ ਤੋਂ ਰੋਕਦਾ ਹੈ, ਤਿੰਨ ਗੱਲਾਂ ਦੀ ਸੋਝੀ ਆਉਂਦੀ ਹੈ, ਪਹਿਲੀ ਕਿ ਅਗਲੇ ਨੇ ਜੋ ਕਿਹਾ ਹੈ ਠੀਕ ਹੋ ਸਕਦਾ ਹੈ, ਸੋਚ-ਵਿਚਾਰ ਕੇ ਵੇਖ ਤੇ ਜੇ ਠੀਕ ਹੈ ਤਾਂ ਉਸਦੇ ਚਰਣ ਪਕੜ ਕਿ ਉਸਨੇ ਤੇਰੇ ਤੇ ਬੜਾ ਪਰਉਪਕਾਰ ਕੀਤਾ ਹੈ, ਤੇਰੀ ਮੈਲ ਧੋਣ ਦਾ ਇੰਤਜ਼ਾਮ ਕੀਤਾ ਹੈ। ਦੂਜੀ ਕਿ, ਜੇ ਕਿਸੇ ਦੀ ਕਹੀ ਗੱਲ ਗਲਤ ਹੈ ਤਾਂ ਸੁਣ ਕੇ ਅਨਸੁਣਾ ਕਰਦੇ ਤੇ ਬਰਦਾਸ਼ਤ ਕਰਨ ਦੀ ਸਹਿਨਸ਼ਕਤੀ ਵਧਾ ਇਹ ਗੁਣ ਪੈਦਾ ਕਰ ਆਪਣੇ ਅੰਦਰ ਤੇ ਤੀਜੀ ਗੱਲ ਕਿ, ਇਤਨਾ ਕਰ ਜਿਵੇਂ ਕਿਸੇ ਇਸਾਈ ਸੰਤ ਨੇ ਕਿਹਾ ਹੈ, "After all these are words they will fly in the air" ਤੂੰ ਇਨ੍ਹਾਂ ਨੂੰ ਹਵਾ 'ਚ ਉਡ ਜਾਣ ਦੇ, ਇਤਨਾ ਪ੍ਰੇਸ਼ਾਨ ਹੋਣ ਦੀ ਕੀ ਲੋੜ ਹੈ? ਇਹ ਅੰਦਰਲੀ ਜੰਗ ਜਦੋਂ ਤੱਕ ਇਨਸਾਨ ਜੀਉਂਦਾ ਹੈ ਉਸਨੂੰ ਲੜਨੀ ਪੈਂਦੀ ਹੈ ਤੇ ਉਹ ਜਦੋਂ ਵੀ ਗੁਰੂ ਕੋਲ ਜਾਂਦਾ ਹੈ (ਗੁਰਬਾਣੀ ਪੜ੍ਹਦਾ/ਸੁਣਦਾ ਹੈ), ਗੁਰੂ ਉਸਨੂੰ ਇਹ ਦ੍ਰਿੜ ਕਰਾਂਦੇ ਹਨ- ...."ਨਿਰਮਲ ਨਾਮੁ ਦ੍ਰਿੜਾਇ", ਇਹ ਇਲਾਜ ਹੈ ਹਉਮੈ ਦੀ ਬੀਮਾਰੀ ਦਾ।

ਇਕ ਹੋਰ ਗੱਲ, ਗੁਰਬਾਣੀ ਸਾਨੂੰ ਵਾਰ-ਵਾਰ ਅੰਦਰ ਜਾਣ ਲਈ ਪ੍ਰੇਰਦੀ ਹੈ ਕਿਉਂਕਿ ਬਾਹਰ ਤਾਂ ਮੈਲ ਹੀ ਮੈਲ ਹੈ। ਜੇ ਪਛਾਣ ਨਾ ਹੋਵੇ ਤਾਂ ਇਹ ਮੈਲ ਸਾਡੇ ਮਨ ਨੂੰ ਚਮੁਟ ਜਾਂਦੀ ਹੈ ਤੇ ਜੇ ਗੁਰੂ ਕਿਰਪਾ ਸਦਕਾ ਇਸ ਮੈਲ ਦੀ ਪਛਾਣ ਹੋ ਜਾਏ ਤਾਂ ਬੰਦਾ ਇਸ ਤੋਂ ਬਚਣ ਦਾ ਉਪਰਾਲਾ ਕਰ ਸਕਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ-

*ਮਨਿ ਮੈਲੇ ਸਭੁ ਕਿਛੁ ਮੈਲਾ॥* ਪੰਨਾ 558

ਸੁ ਕੇਵਲ ਤਨ ਦੇ ਇਸ਼ਨਾਨ ਨਾਲ ਮਨ ਚੰਗਾ ਨਹੀਂ ਹੋ ਸਕਦਾ, ਇਸ ਲਈ ਕਹਿ ਦਿੱਤਾ-

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥* ਪੰਨਾ 687

ਅਸਲ ਤੀਰਥ ਇਸ਼ਨਾਨ ਤਾਂ ਮਨ ਦੀ ਮੈਲ ਧੋਣਾ ਹੈ ਜੋ ਅੰਦਰੋਂ ਹੀ ਕਰਨਾ ਪਵੇਗਾ। ਮਨ ਦੀ ਮੈਲ ਜੂਠ-ਝੂਠ ਧੋਤੇ ਬਗੈਰ ਸੱਚ (ਪ੍ਰਭੂ) ਨੂੰ ਨਹੀਂ ਪਾ ਸਕਦੇ-

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਸਚੁ ਤਾ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸੁ॥* ਪੰਨਾ 468

ਅਤੇ

*ਭਰੀਐ ਮਤਿ ਪਾਪਾ ਕੈ ਸੰਗਿ*

*ਓਹੁ ਧੋਪੈ ਨਾਵੈ ਕੈ ਰੰਗਿ॥* ਪੰਨਾ 4

ਮਨ ਨੂੰ ਲਗੀ ਪਾਪਾਂ ਦੀ ਮੈਲ ਨਾਮ ਸਾਬੁਣ ਨਾਲ ਹੀ ਧੋਤੀ ਜਾ ਸਕਦੀ ਹੈ।

ਕਬੀਰ ਸਾਹਿਬ ਆਖਦੇ ਹਨ, ਗੁਰੂ ਕਿਰਪਾ ਸਦਕਾ ਮਨ ਦੀ ਮੈਲ ਨੂੰ ਧੋ-ਧੋ ਕੇ ਇਤਨਾ ਨਿਰਮਲ ਕਰ ਲਇਆ ਕਿ ਪ੍ਰਭੂ ਦਾ ਰੂਪ ਹੋ ਗਿਆ ਮੈਂ-

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥*

*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ॥*

(ਪੰਨਾ 1367)

ਜੇ ਸ਼ੀਸਾ ਰੋਜ਼ ਰੋਜ਼ ਨਾ ਸਾਫ ਕੀਤਾ ਜਾਏ ਤਾਂ ਇਤਨਾ ਧੁੰਧਲਾ (ਮੈਲ ਜਮਾ ਹੋ ਹੋ ਕੇ) ਹੋ ਜਾਂਦਾ ਹੈ ਕਿ ਅਸੀਂ ਉਸ 'ਚੋਂ ਆਪਣਾ ਚਿਹਰਾ ਨਹੀਂ ਦੇਖ ਸਕਦੇ, ਇਸੇ ਤਰ੍ਹਾਂ ਸਾਡਾ ਮਨ ਇਤਨਾ ਮੈਲਾ ਹੋ ਚੁੱਕਾ ਹੈ ਕਿ ਅਸੀਂ ਆਪਣੇ ਅੰਦਰਲੇ ਪ੍ਰਭੂ (ਜੋ ਮੇਰਾ ਅਸਲ ਸਰੂਪ ਹੈ) ਨੂੰ ਨਹੀਂ ਦੇਖ ਪਾਂਦੇ। ਸਤਿਸੰਗਤ ਉਹ ਸਰੋਵਰ ਹੈ ਜਿਸਦੇ ਮਿਲਾਪ ਨਾਲ ਅਸੀਂ ਆਪਣੀ ਮੈਲ ਨੂੰ ਪੂਰਾ ਪੂਰਾ ਧੋ ਕੇ ਉਸ ਪੂਰੇ ਨੂੰ ਪੂਰਾ ਪੂਰਾ ਪਾ ਸਕਦੇ ਹਾਂ ਜੋ ਸਾਡੇ ਜੀਵਨ ਦਾ ਮਨੋਰਥ ਹੈ। ਇਸ ਲਈ ਗੁਰੂ ਸਾਹਿਬ ਨੇ ਕਿਹਾ ਹੈ-

*ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥* (ਪੰਨਾ 687)

ਜੇ ਹਉਮੈ ਤੋਂ ਪੂਰਾ ਛੁਟਕਾਰਾ ਨਹੀਂ ਹੋਇਆ ਤਾਂ ਇਤਨਾ ਤਾਂ ਕਰੀਏ ਕਿ ਇਸ ਨਾਲ ਪ੍ਰੀਤ ਨਾ ਕਰੀਏ। ਜੇ ਕਿਸੇ ਨਾਲ ਨਫਰਤ ਹੀ ਕਰਨੀ ਹੈ ਤਾਂ ਆਪਣੀ ਹਉਮੈ ਨਾਲ ਕਰੀਏ।

*ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥* (ਪੰਨਾ 370)

ਇਹ ਪਹਿਲਾ ਕਦਮ ਹੋਵੇਗਾ ਸਾਡਾ ਪ੍ਰਭੂ ਮਿਲਨ ਦੇ ਰਾਹ ਤੇ ਟੁਰਣ ਲਈ, ਤੇ ਜੇ ਇਕ ਕਦਮ ਟੁਰ ਪਏ ਤਾਂ ਭਾਈ ਗੁਰਦਾਸ ਜੀ ਹਾਮੀ ਭਰਦੇ ਹਨ ਕਿ ਸਤਿਗੁਰੂ ਕੋਟ ਪੈਂਡਾ ਅੱਗੇ ਆਣਗੇ ਸਾਨੂੰ ਮਿਲਣ।

ਮੇਰੇ ਗਰੀਬ ਲਈ ਅਰਦਾਸ ਕਰਨੀ ਕਿ ਮੈਂ ਐਸਾ ਕਰ ਸਕਾਂ।

# ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ

ਪ੍ਰੋ. ਬ੍ਰਹਮ ਜਗਦੀਸ਼ ਸਿੰਘ : *'ਪੰਜਾਬੀ ਟ੍ਰਿਬਿਊਨ' 'ਚੋਂ ਧੰਨਵਾਦ ਸਹਿਤ*

ਗੁਰਬਾਣੀ ਅਤੇ ਸੰਗੀਤ ਦਾ ਅਨਿੱਖੜ ਸਬੰਧ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਸਮੇਂ ਜਗਤ ਉਧਾਰ ਵਾਸਤੇ ਉਦਾਸੀਆਂ 'ਤੇ ਜਾਣ ਦਾ ਸੰਕਲਪ ਲਿਆ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਭਾਈ ਮਰਦਾਨਾ ਜੀ ਦੀ ਯਾਦ ਆਈ। ਭਾਈ ਮਰਦਾਨਾ ਭਾਰਤ ਦੇ ਸ਼ਾਸਤਰੀ ਸੰਗੀਤ ਦਾ ਇਕ ਪ੍ਰਵੀਨ ਗਾਇਕ ਸੀ। ਉਹ ਗੁਰੂ ਜੀ ਦੇ ਨਾਲ ਉਨ੍ਹਾਂ ਦੀ ਸ਼ਾਦੀ ਸਮੇਂ ਵੀ ਇਕ ਗਾਇਕ ਵਜੋਂ ਬਟਾਲੇ ਵਿਖੇ ਪਹੁੰਚਿਆ ਸੀ। ਸੋ ਗੁਰੂ ਜੀ ਉਸਦੀ ਆਸਧਾਰਨ ਪ੍ਰਤਿਭਾ ਤੋਂ ਪਰਿਚਿਤ ਸਨ। ਆਪ ਜਾਣਦੇ ਸਨ ਕਿ ਸ਼ਾਸਤਰੀ ਸੰਗੀਤ ਨਾਲ ਜੁੜ ਕੇ ਬਾਣੀ ਦੀ ਊਰਜਾ ਕਈ ਗੁਣਾ ਵਧ ਜਾਂਦੀ ਹੈ। ਇਸ ਕਾਰਨ ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ, ਭਾਈ ਮਰਦਾਨਾ ਵੀ ਉਨ੍ਹਾਂ ਦੇ ਸੰਗ-ਸਾਥ ਰਹੇ।

ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਸ੍ਰੀ ਹਰਿਮੰਦਰ ਸਾਹਿਬ ਹੀ ਇਕ ਅਜਿਹਾ ਪਵਿੱਤਰ ਤੀਰਥ ਸਥਾਨ ਹੈ ਜਿਥੇ ਹਰ ਸਮੇਂ ਕੀਰਤਨ ਦੀਆਂ ਧੁਨਾਂ, ਫਿਜ਼ਾਵਾਂ ਵਿਚ ਗੂੰਜਦੀਆਂ ਰਹਿੰਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਵਾਲੇ ਕੀਰਤਨੀਆਂ ਦੀ ਇਕ ਗੌਰਵਸ਼ੀਲ ਪਰੰਪਰਾ ਹੈ।

ਡਾ. ਗੁਰਨਾਮ ਸਿੰਘ ਦਾ ਪੂਰਾ ਪਰਿਵਾਰ ਗੁਰਬਾਣੀ ਦੇ ਕੀਰਤਨ ਨੂੰ ਸਮਰਪਿਤ ਇਕ ਗੁਰੂ-ਵਰੋਸਾਇਆ ਪਰਿਵਾਰ ਹੈ। ਆਪ ਦੇ ਪਿਤਾ ਭਾਈ ਉੱਤਮ ਸਿੰਘ ਪਤੰਗ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਰਾਗੀ ਦੇ ਤੌਰ ਤੇ ਸਨਮਾਨਤ ਹਨ। ਆਪਦੇ ਵੱਡੇ ਭਰਾ ਡਾ. ਜਾਗੀਰ ਸਿੰਘ ਨੂੰ ਵੀ ਇਹ ਸਨਮਾਨ ਪ੍ਰਾਪਤ ਹੋ ਚੁੱਕਾ ਹੈ। ਆਪਦੇ ਇਕ ਹੋਰ ਭਰਾ ਡਾ. ਬਚਿੱਤਰ ਸਿੰਘ ਵੀ ਗੁਰਬਾਣੀ ਸੰਗੀਤ ਦੇ ਖੇਤਰ ਵਿਚ ਵਿਖਆਤ ਹਨ। ਡਾ. ਗੁਰਨਾਮ ਸਿੰਘ ਨੇ ਆਪਣੀ ਛੋਟੀ ਜਿਹੀ ਉਮਰ ਵਿਚ ਆਸਧਾਰਨ ਪ੍ਰਾਪਤੀਆਂ ਕਰਕੇ ਇਹ ਦਰਸਾ ਦਿੱਤਾ ਹੈ ਕਿ ਸਮਰਪਿਤ ਰੂਹਾਂ ਵਾਸਤੇ ਕੁਝ ਵੀ ਕਠਿਨ ਜਾਂ ਦੁਸ਼ਵਾਰ ਨਹੀਂ ਹੈ। ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ

ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏਂ ਨਿੱਤ ਰਹਿੰਦੇ।

ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਨੂੰ ਆਪਣਾ ਮਿਸ਼ਨ ਬਣਾਇਆ ਹੋਇਆ ਹੈ। ਉਨ੍ਹਾਂ ਦੇ, ਸ਼ਾਸਤਰੀ-ਸੰਗੀਤ ਦੇ ਮੰਚ ਉਪਰ ਉਪਸਥਿਤ ਹੋਣ ਤੋਂ ਪਹਿਲਾਂ ਮੈਂ ਸੁਣਿਆ ਕਰਦਾ ਸਾਂ ਕਿ ਅਜੋਕੇ ਦੌਰ ਵਿਚ ਭਾਈ ਬਖਸ਼ੀਸ ਸਿੰਘ ਹੀ ਇਕੋ-ਇਕੋ ਅਜਿਹੇ ਸੰਗੀਤਕਾਰ ਸਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਗਏ ਵੱਖ-ਵੱਖ ਰਾਗਾਂ ਨੂੰ ਸ਼ੁੱਧ ਰੂਪ ਵਿਚ ਗਾ ਸਕਦੇ ਸਨ। ਭਾਈ ਬਖਸ਼ੀਸ਼ ਸਿੰਘ ਨੇ ਕਈ ਸੰਸਥਾਵਾਂ ਨੂੰ ਪੇਸ਼ਕਸ਼ ਵੀ ਕੀਤੀ ਕਿ ਉਨ੍ਹਾਂ ਦੀ ਆਵਾਜ਼ ਵਿਚ ਵੱਖ ਵੱਖ ਰਾਗਾਂ ਨੂੰ ਰਿਕਾਰਡ ਕਰ ਲਿਆ ਜਾਵੇ ਪ੍ਰੰਤੂ ਅਜਿਹਾ ਸੰਭਵ ਨਾ ਹੋ ਸਕਿਆ ਅਤੇ ਭਾਈ ਸਾਹਿਬ ਮਨ ਦੀਆਂ ਮਨ ਵਿਚ ਲੈ ਕੇ ਅਕਾਲ ਚਲਾਣਾ ਕਰ ਗਏ। ਬੇਸ਼ੱਕ ਉਨ੍ਹਾਂ ਦੀ ਦੁਖਦਾਈ ਮ੍ਰਿਤੂ ਕਾਰਨ ਗੁਰਮਤਿ ਸੰਗੀਤ ਨੂੰ ਬਹੁਤ ਵੱਡਾ ਘਾਟਾ ਪਿਆ ਪ੍ਰੰਤੂ ਅਕਾਲਪੁਰਖ ਨੇ ਇਸ ਘਾਟ ਨੂੰ ਪੂਰਾ ਕਰਨ ਵਾਸਤੇ ਡਾ. ਗੁਰਨਾਮ ਸਿੰਘ ਨੂੰ ਇਹ ਪ੍ਰੇਰਨਾ ਦਿੱਤੀ ਕਿ ਉਹ ਭਾਈ ਸਾਹਿਬ ਦੇ ਚਿਤਵੇ ਕਾਰਜ ਨੂੰ ਸਿਰੇ ਚਾੜ੍ਹਨ। ਸਾਨੂੰ ਬੜੀ ਖੁਸ਼ੀ ਹੈ ਅਤੇ ਸਿੱਖ ਜਗਤ ਡਾ. ਗੁਰਨਾਮ ਸਿੰਘ ਦਾ ਰਿਣੀ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਅਤੇ 31 ਰਾਗ-ਪ੍ਰਕਾਰਾਂ ਅਰਥਾਤ 62 ਰਾਗਾਂ ਦਾ ਸ਼ਬਦ-ਕੀਰਤਨ ਰੀਕਾਰਡ ਕਰਵਾ ਦਿੱਤਾ ਹੈ। ਐਚ. ਐਮ. ਵੀ. ਕੰਪਨੀ ਨੇ ਦਸ ਕੈਸਟਾਂ ਦੇ ਰੂਪ ਵਿਚ ਇਹ ਬੇਨਜ਼ੀਰ ਤੋਹਫਾ ਸਿੱਖ ਸੰਗਤਾਂ ਨੂੰ ਭੇਟ ਕਰ ਦਿੱਤਾ ਹੈ।

ਡਾ. ਗੁਰਨਾਮ ਸਿੰਘ ਦੀ ਇਕ ਹੋਰ ਵੱਡੀ ਦੇਣ ਅਜੋਕੇ ਸ਼ਾਸਤਰੀ ਗਾਇਕਾਂ ਨੂੰ ਗੁਰਮਤਿ ਸੰਗੀਤ ਦੀ ਤਾਲੀਮ ਦੇਣਾ ਹੈ। ਵੈਸੇ ਤਾਂ ਹਰ ਸ਼ਾਸਤਰੀ ਰਾਗ ਦਾ ਸਬੰਧ ਮਨੁੱਖੀ ਰੂਹ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਗੁਰਮਤਿ ਸੰਗੀਤ ਰੂਹ ਨੂੰ ਇਕ ਅਜਿਹਾ ਵਿਸਮਾਦ ਬਖਸ਼ਦਾ ਹੈ ਜੋ ਹੋਰ ਗਾਇਨ-ਸ਼ੈਲੀਆਂ ਵਿਚ ਸੰਭਵ ਨਹੀਂ ਹੈ। ਇਥੇ ਤਾਂ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ 'ਬੇਖੁਦੀਆਂ ਦਾ ਝੂਟਾ ਆਵੇ, ਚੜ੍ਹਿਆ ਹੁਲਾਰਾ ਰਹਿੰਦਾ' ਵਾਲੀ ਸਥਿਤੀ ਤਾਰੀ ਹੋ ਜਾਂਦੀ ਹੈ। ਡਾ. ਗੁਰਨਾਮ ਸਿੰਘ ਕੇਵਲ ਬਾਈ ਕੁ ਵਰ੍ਹਿਆਂ ਦੀ ਉਮਰ ਵਿਚ ਹੀ ਏਨੇ ਪ੍ਰਸਿੱਧ ਹੋ ਗਏ ਸਨ ਕਿ ਪੰਜਾਬ

ਦੀਆਂ ਵੱਖ ਵੱਖ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਆਪਣੇ ਪਾਸ ਰੱਖਣ ਲਈ ਸਿਫਾਰਿਸ਼ਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਹੁੰਦੇ ਹੋਏ ਅੱਜਕੱਲ ਆਪ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਹਨ। ਏਨੀ ਛੋਟੀ ਉਮਰ ਵਿਚ ਪ੍ਰੋਫੈਸਰ ਦੀ ਪਦਵੀ ਤੇ ਪਹੁੰਚ ਕੇ ਆਪ ਨੇ ਦਰਸਾ ਦਿੱਤਾ ਹੈ ਕਿ ਜਿਨ੍ਹਾਂ ਵਡਭਾਗੇ ਵਿਅਕਤੀਆਂ ਦੇ ਸਿਰ ਤੇ ਅਕਾਲਪੁਰਖ ਦਾ ਹੱਥ ਹੁੰਦਾ ਹੈ, ਉਨ੍ਹਾਂ ਵਾਸਤੇ ਕੋਈ ਵੀ ਪਦਵੀ ਅਪਹੁੰਚ ਨਹੀਂ ਹੁੰਦੀ।

ਡਾ. ਗੁਰਨਾਮ ਸਿੰਘ ਐਮ. ਫਿਲ. ਅਤੇ ਪੀ. ਐਚ. ਡੀ. ਕਰ ਰਹੇ ਇਕ ਦਰਜਨ ਸ਼ਾਸਤਰੀ ਗਾਇਕਾਂ ਦੇ ਖੋਜ ਨਿਗਰਾਨ ਹਨ। ਉਨ੍ਹਾਂ ਦੇ ਸ਼ਾਗਿਰਦਾਂ ਵਿਚ ਕਈ ਵੱਡੇ ਅਤੇ ਮਾਨਯੋਗ ਨਾਂ ਵੀ ਹਨ। ਡਾ. ਸਾਹਿਬ ਨੇ 14 ਮੌਲਿਕ ਪੁਸਤਕਾਂ, 7 ਸੰਪਾਦਿਤ ਪੁਸਤਕਾਂ, 5 ਅਨੁਵਾਦਿੱਤ ਪੁਸਤਕਾਂ ਅਤੇ ਲਗਭਗ ਇਕ ਸੌ ਪੱਤਰਾਂ, ਖੋਜ ਨਿਬੰਧਾਂ ਅਤੇ ਲੇਖਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ ਸੁਰੀਲੀ ਅਤੇ ਮਧੁਰ ਆਵਾਜ਼ ਵਿਚ 32 ਆਡੀਓ ਕੈਸੇਟ, 3 ਵੀਡੀਓ ਕੈਸਟ ਅਤੇ 4 ਡਾਕੂਮੈਂਟਰੀ ਫਿਲਮਾਂ ਰੀਕਾਰਡ ਹੋ ਚੁੱਕੀਆਂ ਹਨ। ਪੰਜਾਬੀ ਲੋਕ ਸੰਗੀਤ ਵਿਰਾਸਤ ਪ੍ਰਾਜੈਕਟ ਦੇ ਅੰਤਰਗਤ ਉਨ੍ਹਾਂ 400 ਪੰਜਾਬੀ ਲੋਕ ਸੰਗੀਤਕਾਰਾਂ ਨੂੰ ਰੀਕਾਰਡ ਕਰਕੇ ਪੰਜਾਬੀ ਲੋਕ ਸੰਗੀਤ ਵਿਰਸੇ ਦੀ ਸੰਭਾਲ ਦਾ ਇਕ ਅਨੂਠਾ ਯਤਨ ਕੀਤਾ ਹੈ।

ਡਾ. ਸਾਹਿਬ ਨੇ ਛੋਟੀ ਜਿਹੀ ਉਮਰ ਵਿਚ ਬੜੀਆਂ ਮਹਾਨ ਪ੍ਰਾਪਤੀਆਂ ਕਰ ਰੱਖੀਆਂ ਹਨ। ਆਪ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਦੇ ਸੀਨੀਅਰ ਫੈਲੋ ਹਨ। ਬਹੁਤ ਸਾਰੀਆਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫਰੰਸਾਂ ਤੋਂ ਬਿਨਾਂ ਸੰਗੀਤ ਸੰਮੇਲਨਾਂ ਵਿਚ ਲਗਭਗ ਦੋ ਸੌ ਵਾਰ ਸ਼ਿਰਕਤ ਕਰ ਚੁੱਕੇ ਹਨ। ਬਾਬਾ ਹਰਿਵੱਲਭ ਸੰਗੀਤ ਮਹਾਂਸਭਾ, ਗੁਰੂ ਅਰਜਨ ਕੀਰਤਨ ਮੰਡਲ, ਵਿਸਮਾਦ ਨਾਦ (ਸੰਤ ਬਾਬਾ ਸੁੱਚਾ ਸਿੰਘ) ਅਤੇ ਅੰਤਰ-ਰਾਸ਼ਟਰੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਵੱਲੋਂ ਆਪ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪ ਦੇ ਯਤਨਾਂ ਨਾਲ ਹੀ ਗੁਰਮਤਿ ਸੰਗੀਤ ਵਿਚ ਪੋਸਟ ਗਰੈਜੂਏਟ ਪੱਧਰ ਦੀ ਪੜ੍ਹਾਈ ਸ਼ੁਰੂ ਹੋਈ। ਆਪ ਨੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਵਿਚ ਵੀ ਵੱਡਾ ਯੋਗਦਾਨ ਪਾਇਆ ਅਤੇ ਸੰਯੋਗਵਸ ਆਪ ਹੀ ਇਸ ਦੇ ਪਹਿਲੇ ਚੇਅਰਮੈਨ ਬਣੇ। ਆਪਣੀਆਂ ਮਾਨ-ਮੱਤੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਸੰਭਵ ਨਹੀਂ ਹੈ। ਗੁਰਵਾਕ ਅਨੁਸਾਰ:-

ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ॥

ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਦੇ ਦਰਵੇਸ਼ ਡਾਇਰੈਕਟਰ (ਯੁਵਕ ਭਲਾਈ) ਡਾ. ਦਲਜੀਤ ਸਿੰਘ ਦੀ ਅੰਤਿਮ ਅਰਦਾਸ ਤੇ ਆਪ ਦੀ ਗਾਇਨ-ਕਲਾ ਨੂੰ ਸੁਣਨ ਦਾ ਇਤਫਾਕ ਹੋਇਆ ਤਾਂ ਮਨ ਉੱਪਰ ਇਕ ਵਿਸਮਾਦ ਛਾ ਗਿਆ। ਆਪ ਨੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਏਨਾ ਆਤਮ-ਵਿਭੋਰ ਹੋ ਕੇ ਗਾਇਆ ਕਿ ਹਰ ਸਰੋਤੇ ਦੀਆਂ ਅੱਖਾਂ ਵਿਚੋਂ ਬਰਬਸ ਹੰਝੂ ਛਲਕ ਆਏ। ਇਨ੍ਹਾਂ ਹੀ ਦਿਨਾਂ ਵਿਚ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਮਨਾ ਕੇ ਹਟੇ ਸਾਂ। ਡਾ. ਗੁਰਨਾਮ ਸਿੰਘ ਦੀ ਗਾਇਨ ਕਲਾ ਨੇ ਉਹ ਅਤਿ ਦੁਖਦਾਈ ਮੰਜ਼ਿਰ ਜ਼ਿਹਨ ਵਿਚ ਤਾਜ਼ਾ ਕਰ ਦਿੱਤਾ, ਜਿਸ ਕਾਰਨ ਸਾਰੀ ਸੰਗਤ ਭਾਵ ਬਿਹਬਲ ਹੋ ਕੇ ਹੰਝੂ ਕੇਰਨ ਲੱਗ ਪਈ। ਆਪ ਦੀ ਗਾਇਨ-ਕਲਾ ਦੇ ਹੋਰ ਵੀ ਅਨੇਕ ਚਮਤਕਾਰ ਸਿੱਖ ਸੰਗਤਾਂ ਨੇ ਵੇਖੇ ਹਨ। ਸਾਡੀ ਅਰਦਾਸ ਹੈ ਕਿ ਡਾ. ਗੁਰਨਾਮ ਸਿੰਘ ਇਸੇ ਤਰ੍ਹਾਂ ਪੂਰੀ ਸਿਦਕਦਿਲੀ ਅਤੇ ਵਚਨਬੱਧਤਾ ਨਾਲ ਪੰਜਾਬੀ ਸਭਿਆਚਾਰ, ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦੀ ਸੇਵਾ ਕਰਦੇ ਰਹਿਣ।

# ਪਗੜੀ/ਦਸਤਾਰ ਅਤੇ ਸਿੱਖ

ਡਾ. ਗੁਰਚਰਨ ਸਿੰਘ ਸਾਕੀ : ਸੰਪਾਦਕ 'ਸੂਲ ਸੁਰਾਹੀ' ਖਰੜ (ਰੋਪੜ) 140 301

ਮਨੁੱਖ, ਰੱਬ ਦੀ ਸਮੁੱਚੀ ਸ੍ਰਿਸ਼ਟੀ ਦੀ ਉੱਚਤਮ ਕ੍ਰਿਤੀ ਹੈ। ਇਹ ਸਾਰੀ ਸ੍ਰਿਸ਼ਟੀ ਦੀਆਂ, ਚੁਰਾਸੀ ਲੱਖ ਜੂਨੀਆਂ ਵਿਚੋਂ ਸਰਬੋਤਮ ਜੀਵ ਅਥਵਾ 'ਅਸ਼ਰਫ-ਉਲ-ਮੁਖ਼ਲੂਕਾਤ' ਜਾਂ ਸਾਰੀ ਕਾਇਨਾਤ ਦਾ ਰਾਜਾ ਹੈ। ਗੁਰਬਾਣੀ ਵਿਚ ਅਨੇਕ ਥਾਵਾਂ 'ਤੇ ਇਹ ਗੱਲ ਸਪਸ਼ਟ ਕੀਤੀ ਮਿਲਦੀ ਹੈ। ਉਗਾਹੀ ਮਾਤਰ, ਇਨ੍ਹਾਂ ਵਿਚੋਂ ਆਪਾਂ ਇਕ ਉਦਾਹਰਣ ਲੈ ਲੈਂਦੇ ਹਾਂ:-

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥*

ਪੰਨਾ 1075

ਜਿਸ ਤਰ੍ਹਾਂ ਮਨੁੱਖ, ਸਾਰੀ ਕਾਇਨਾਤ ਤੋਂ ਉੱਚਤਮ ਅਤੇ ਸ੍ਰੇਸ਼ਟਤਮ ਹੈ, ਇਸੇ ਤਰ੍ਹਾਂ ਮਨੁੱਖ ਦੇ ਸਰੀਰ ਦੇ ਸਮੂਹ ਅੰਗਾਂ ਵਿਚੋਂ 'ਸਿਰ' ਇਸ ਦੇਹੀ ਦਾ ਸਰਬੋਤਮ ਤੇ ਉੱਚਤਮ ਅੰਗ ਹੈ। ਕਾਰਨ ਇਹ, ਕਿ ਮਨੁੱਖ ਦੀ ਸਾਰੀ ਕਿਰਿਆ-ਪ੍ਰਕਿਰਿਆ ਨੂੰ ਨਿਯਮ ਵਿਚ ਰੱਖਣ ਤੇ ਹੁਕਮ ਅਨੁਸਾਰ ਚਲਾਉਣ ਵਾਲਾ 'ਕੰਟਰੋਲ ਰੂਮ' ਅਥਵਾ ਇਸ ਸਰੀਰ ਦੀ 'ਰਾਜਧਾਨੀ' ਇਹੋ (ਸਿਰ) ਹੀ ਹੈ। ਇਥੋਂ ਜਾਰੀ ਕੀਤੇ ਹੁਕਮ ਤੇ ਫ਼ੁਰਮਾਨ ਹੀ ਪਰਵਾਨ ਚੜ੍ਹਦੇ ਹਨ। ਸੋ ਉਚਤਮ-ਜੀਵ ਦੇ ਇਸ ਉੱਚਤਮ ਅੰਗ (ਸਿਰ) ਦੀ ਸੁਰੱਖਿਆ ਕਿਤਨੀ ਜ਼ਰੂਰੀ ਅਤੇ ਮਹੱਤਵਪੂਰਨ ਹੈ? ਇਹ ਅਨੁਮਾਨ ਲਾਉਣਾ ਕੋਈ ਅਨੋਖੀ ਤੇ ਕਠਿਨ ਗੱਲ ਨਹੀਂ।

ਮਨੁੱਖ ਜਦੋਂ ਜੰਗਲੀ ਅਵਸਥਾ ਦਾ ਵਸਨੀਕ ਹੋਵੇਗਾ, ਉਦੋਂ ਤੋਂ ਹੀ ਇਹ, ਇਸ ਦਾ ਸਭ ਤੋਂ ਪਹਿਲਾਂ ਤੇ ਮਹੱਤਵਪੂਰਨ ਮਸਲਾ ਰਿਹਾ ਹੋਵੇਗਾ। ਉਦੋਂ ਪ੍ਰਕ੍ਰਿਤੀ ਦੇ ਕੋਪਾਂ-ਪਰਕੋਪਾਂ, ਗਰਮੀ, ਠੰਢ, ਮੀਂਹ-ਪਾਣੀ ਦੀ ਮਾਰ ਤੋਂ ਤਾਂ ਇਸ ਨੂੰ ਬਚਾਉਂਦਾ ਹੀ ਹੋਵੇਗਾ ਪ੍ਰੰਤੂ ਆਪਣੇ ਸਾਥੀ, ਘਾਤਕ ਪਸ਼ੂਆਂ-ਜੀਵਾਂ ਤੋਂ ਵੀ ਇਸ ਦੇ ਬਚਾਉ ਲਈ ਅਵੱਸ਼ ਹੀ ਕੋਈ ਉਪਰਾਲਾ ਕਰਦਾ ਰਿਹਾ ਹੋਵੇਗਾ। ਇਥੇ ਹੀ ਬੱਸ ਨਹੀਂ, ਸਗੋਂ ਜਿਉਂ ਹੀ ਤੇ ਜਦੋਂ ਹੀ ਇਹ, ਸਮਾਜਿਕ ਚੇਤੰਨਤਾ ਦੇ ਘੇਰੇ ਅੰਦਰ ਪਰਵੇਸ਼ਿਤ ਹੋਇਆ ਹੋਵੇਗਾ, ਉਦੋਂ ਇਸ ਨੂੰ ਆਪਣੇ 'ਸਿਰ' (ਕੰਟਰੋਲ ਰੂਮ) ਦੀ ਮਹੱਤਤਾ ਦੇ ਅਹਿਸਾਸ ਨੇ, ਇਸ ਦੇ ਬਚਾਉਣ, ਸਜਾਉਣ, ਸੁਆਰਨ ਤੇ ਸ਼ਿੰਗਾਰਨ ਪ੍ਰਤੀ ਵੀ ਅਵੱਸ਼ ਹੀ ਸੁਚੇਤ ਕੀਤਾ ਹੋਵੇਗਾ।

ਮੁੱਕਦੀ ਗੱਲ ਕਿ ਮਨੁੱਖ ਆਪਣੇ ਅਰੰਭਲੇ ਪੜਾਵਾਂ ਤੋਂ ਹੀ ਆਪਣੇ ਸਭ ਤੋਂ ਮਹੱਤਵਪੂਰਨ ਇਸ ਅੰਗ 'ਸਿਰ' ਦੀ ਸਾਂਭ-ਸੰਭਾਲ, ਸ਼ਿੰਗਾਰ ਸਜਾਵਟ ਵੱਲ ਰੁਚਿਤ ਹੋ ਕੇ ਕੀ ਪਤਾ ਕੀ ਕੀ ਉਪਰਾਲੇ ਕਰਦਾ ਰਿਹਾ ਹੋਵੇਗਾ? ਮਨੁੱਖੀ ਸਮਾਜ ਵਿਚੋਂ ਸਭ ਤੋਂ ਸਿਆਣਾ ਮਨੁੱਖ ਸ੍ਵੈਮਾਨ ਤੇ ਸ੍ਵੈ-ਸ੍ਰੇਸ਼ਟਤਾ ਅਤੇ ਵਿਲੱਖਣਤਾ ਦੇ ਅਹਿਸਾਸ ਕਰਕੇ, ਸਾਥੀ ਮਨੁੱਖਾਂ ਤੋਂ ਵਖਰੇਵਾਂ ਜਤਾਉਣ ਲਈ, ਇਸ (ਸਿਰ) ਦੀ ਸਜਾਵਟ ਅਥਵਾ ਸ਼ਿੰਗਾਰਨ ਵੱਲ ਵੀ ਰੁਚਿਤ ਰਿਹਾ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਇਤਿਹਾਸਕ ਤੌਰ ਤੇ ਸਾਨੂੰ ਇਸ ਦੀ ਕੋਈ ਲਿਖਤੀ ਜਾਂ ਠੋਸ ਗੁਆਹੀ ਅਥਵਾ ਸਬੂਤ ਪ੍ਰਾਪਤ ਨਹੀਂ ਹੁੰਦੇ।

ਇਤਿਹਾਸ ਦੇ ਪੰਨਿਆਂ ਨੂੰ ਫਰੋਲਦਿਆਂ, ਸਭ ਤੋਂ ਪਹਿਲੀ ਠੋਸ ਗੁਆਹੀ ਸਾਨੂੰ 1300 B.C. (ਅੱਜ ਤੋਂ ਕੋਈ 3300 ਵਰ੍ਹੇ ਪਹਿਲਾਂ) ਦੀ ਪ੍ਰਾਪਤ ਹੁੰਦੀ ਹੈ। 'ਐਨਸਾਈਕਲੋਪੀਡੀਆ-ਆਫ਼-ਸਿੱਖਿਜ਼ਮ' ਵਿਚ ਦਰਜ ਮਿਲਦਾ ਹੈ ਕਿ 'ਇਸਰਾਈਲ' ਦੇਸ਼ ਵਿਚ ਹਜ਼ਰਤ 'ਮੂਸਾ' ਦੇ ਸਮੇਂ, ਉਨ੍ਹਾਂ ਦੇ ਅਨੁਯਾਈਆਂ ਵਿਚ, ਉੱਚ ਪੁਜਾਰੀ (ਧਾਰਮਿਕ ਪੁਜਾਰੀ ਜਾਂ ਪਾਦਰੀ) ਲਈ ਪਗੜੀ ਉਸ ਦੀ ਡਰੈੱਸ ਅਥਵਾ ਪਹਿਰਾਵੇ ਦਾ ਅਨਿੱਖੜ ਅੰਗ ਹੁੰਦੀ ਸੀ। ਉੱਥੇ ਇਹ ਵੀ ਸਪਸ਼ਟ ਕੀਤਾ ਗਿਆ ਮਿਲਦਾ ਹੈ ਕਿ 'ਪਗੜੀ' ਸੰਸਾਰ ਅੰਦਰ ਸੈਮਿਟਿਕ (Semitic) ਦੇਸ਼ਾਂ ਦੀ ਕਾਢ ਹੈ। ਮੱਧ-ਪੂਰਬੀ ਅਤੇ ਦੱਖਣੀ-ਏਸ਼ੀਆਈ ਦੇਸ਼ਾਂ ਵਿਚ ਹੀ ਇਸ ਦਾ ਪਰਚਲਨ ਸਭ ਤੋਂ ਪਹਿਲਾ ਅਰੰਭ ਹੋਇਆ। 'ਦਸਤਾਰ' ਅਤੇ 'ਪਗੜੀ' ਇਹ ਦੋਵੇਂ ਸ਼ਬਦ ਵੀ ਦਰ-ਅਸਲ ਫਾਰਸੀ ਪਿਛੋਕੜ ਵਿਚੋਂ ਹੀ ਉਪਜੇ ਹੋਏ ਹਨ। ਉਹ ਲੋਕ ਹੀ, ਮਨੁੱਖ ਦੇ ਅੰਤਰੀ ਵਿਅਕਤਿਤਵ ਦੀ ਘੋਖ-ਪਰਖ ਦੀ ਕਸੌਟੀ ਵੱਜੋਂ 'ਗੁਫਤਾਰ' (ਬੋਲ-ਬਾਣੀ), 'ਰਫਤਾਰ' (ਚਾਲ-ਢਾਲ) ਦੇ ਨਾਲ ਨਾਲ 'ਦਸਤਾਰ' ਨੂੰ ਪਹਿਲੇ ਨੰਬਰ 'ਤੇ ਰੱਖਦੇ ਰਹੇ ਹਨ। ਭਾਵ, ਮਨੁੱਖ ਦੇ ਅੰਤਹਿਕਰਣ ਨੂੰ ਪੜ੍ਹਨ ਲਈ- 'ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ' ਨੂੰ ਵੇਖ ਲੈਣਾ ਹੀ ਕਾਫੀ ਸਮਝਦੇ ਰਹੇ ਹਨ।

ਯੂਰਪੀ ਲੋਕਾਂ ਵਿਚ ਟੋਪੀ ਅਥਵਾ 'ਹੈਟ' ਅਤੇ

ਮੁਸਲਮਾਨਾਂ ਵਿਚ 'ਤੁਰਕੀ ਟੋਪੀ' ਦਾ ਪਰਚਲਨ, ਪੱਗ ਤੋਂ ਕਾਫੀ ਚਿਰ ਪਿਛੋਂ ਹੀ ਹੋਇਆ ਹੋਵੇਗਾ। ਰੁਝੇਵੇ ਵਧਣ ਕਰਕੇ ਜਾਂ ਸੁਭਾਅ ਵਿਚ ਤੇਜੀ, ਕਾਹਲ ਤੇ ਚੰਚਲਤਾ ਦੇ ਆ ਜਾਣ ਨਾਲ, ਸਿਰ ਕਜਣ ਦੀ ਪ੍ਰਕਿਰਿਆ ਨੂੰ ਸੁਖੱਲਾ ਕਰਨ ਲਈ 'ਟੋਪੀ' ਹੋਂਦ ਵਿਚ ਆਈ ਹੋਵੇਗੀ। ਕੱਪੜੇ ਅਥਵਾ ਖਰਚੇ ਦੀ ਬੱਚਤ ਦੇ ਅਹਿਸਾਸ ਦਾ ਵੀ, ਇਸ ਰਿਵਾਜ ਦੇ ਜਨਮ ਵਿਚ ਕਾਫੀ ਹੱਥ ਹੋਵੇਗਾ, ਪ੍ਰੰਤੂ ਮਾਨ-ਸਨਮਾਨ ਦਾ ਪ੍ਰਤੀਕ ਤਾਂ ਮੁੱਢੋਂ, ਪੱਗ ਹੀ ਬਣੀ ਰਹੀ ਹੈ।

ਅੰਗਰੇਜ਼ੀ ਦਾ ਇਕ ਅਖਾਣ -"Hats off..." ਇਸ ਮਗਰਲੇ ਸਮੇਂ ਦੀ ਹੀ ਉਪਜ ਜਾਪਦੀ ਹੈ। ਜਦੋਂ ਕੋਈ ਵਿਅਕਤੀ, ਕੋਈ ਕਠਿਨ ਤੇ ਅਨੋਖੀ ਗੱਲ ਕਰ ਵਿਖਾਵੇ, ਉਦੋਂ ਉਸ ਦੇ ਅੱਗੇ ਸਿਰ ਝੁਕਾਉਣ ਵੱਜੋਂ, ਟੋਪੀ ਲਾਹ ਕੇ ਮਾਨਤਾ ਬਖਸ਼ਣ ਦਾ ਰਿਵਾਜ, ਵਾਸਤਵ ਵਿਚ ਪਹਿਲਾਂ ਕੁੱਲੇਦਾਰ-ਪੱਗ ਨੂੰ ਲਾਹ ਕੇ ਹੀ, ਇਹ ਪ੍ਰਤੀਕਰਮੀ-ਕਾਰਜ (reflex-action) ਸ਼ੁਰੂ ਹੋਇਆ ਹੋਵੇਗਾ। ਗੱਲ ਤਾਂ ਦਰ-ਅਸਲ ਪੱਗ ਦੇ ਮਾਨ ਦੀ ਹੈ, ਵਿਚੋਂ!!

ਕੇਵਲ 'ਮੁਸਾਈਆਂ' ਵਿਚੋਂ ਹੀ ਨਹੀਂ, ਸਗੋਂ ਇਸਲਾਮ ਵਿਚ ਵੀ 'ਧਰਮ ਦੇ ਨਿਆਂਕਾਰ' (ਕਾਜ਼ੀ) ਨੂੰ ਅਹੁੱਦੇ 'ਤੇ ਬਿਠਾਉਣ ਵੇਲੇ 'ਦਸਤਾਰ' ਬੰਨ੍ਹਣ ਦੀ ਰਸਮ ਕੀਤੀ ਜਾਂਦੀ ਸੀ।

ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, 'ਅਜੰਤਾ' ਦੀਆਂ ਗੁਫਾਵਾਂ ਵਿਚ ਉੱਕਰੀਆਂ ਹੋਈਆਂ ਮੂਰਤੀਆਂ ਦੇ ਸਿਰਾਂ ਉੱਤੇ ਦਸਤਾਰ ਅਥਵਾ ਪੱਗ ਦੀ ਹੋਂਦ, ਸਾਨੂੰ ਸਹੀ ਕਰਦੀ ਹੈ ਕਿ 200 B.C. (ਅਥਵਾ ਅੱਜ ਤੋਂ ਦੋ-ਢਾਈ ਹਜ਼ਾਰ ਸਾਲਾਂ) ਤੋਂ ਬਹੁਤ ਪਹਿਲਾਂ, ਪਗੜੀ ਦਾ ਰਿਵਾਜ ਭਾਰਤ ਵਿਚ ਪਰਵੇਸ਼ ਕਰ ਚੁੱਕਾ ਹੋਵੇਗਾ।

ਉਂਝ ਉੱਤਰੀ ਭਾਰਤ ਵਿਚ ਇਕ ਹੋਰ ਵੀ 'ਪਗੜੀ' ਹੁੰਦੀ ਹੈ ਜੋ ਕੱਪੜੇ ਦੀ ਬਣੀ ਹੋਣ ਦੀ ਬਜਾਇ ਧਨ-ਰਾਸ਼ੀ (ਰੁਪੱਈਆਂ) ਦੀ ਬਣੀ ਹੋਈ ਹੁੰਦੀ ਹੈ। ਦੁਕਾਨ ਆਦਿਕ ਕਿਰਾਏ 'ਤੇ ਲੈਣ ਸਮੇਂ ਇਕ ਨਿਸ਼ਚਿਤ (ਮੂੰਹ-ਮੰਗਵੀਂ) ਧਨ-ਰਾਸ਼ੀ (ਜੋ ਵਾਸਤਵ ਵਿਚ ਕਾਲਾ ਧਨ ਹੁੰਦਾ ਹੈ) ਦੁਕਾਨ ਦੇ ਮਾਲਿਕ ਨੂੰ ਮਾਨ-ਭੇਟਾ (Royalty) ਵੱਜੋਂ ਦਿੱਤੀ ਜਾਂਦੀ ਹੈ। ਇਹ, ਇਸੇ ਲਈ 'ਪਗੜੀ' ਅਖਵਾਉਂਦੀ ਹੋਵੀਗੀ। ਕਿਉਂਕਿ ਇਹ ਧਨ ਰਾਸ਼ੀ, ਧਨੀ ਮਾਲਿਕ ਦੇ ਮਾਨ-ਸਨਮਾਨ ਦਾ ਪ੍ਰਤੀਕ ਹੁੰਦੀ ਹੈ।

ਸਿੱਖ ਧਰਮ ਦਾ ਸਭ ਤੋਂ ਪਰਮਾਣੀਕ ਤੇ ਸਰਬ-ਪਰਵਾਣਿਤ ਗ੍ਰੰਥ- 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ, ਜਿਸ ਵਿਚ ਸਭ ਤੋਂ ਪੁਰਾਤਨ ਸੂਫੀ-ਭਗਤ, ਬਾਬਾ ਫ਼ਰੀਦ ਜੀ ਦੀ ਬਾਣੀ ਅੰਦਰ (1173-1266 ਈ.) 'ਪੱਗ' ਦੀ ਹੋਂਦ ਸ੍ਵੀਕਾਰੀ ਤੇ ਸਤਿਕਾਰੀ ਗਈ ਹੈ:-

***ਫ਼ਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥***
***ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥***

(ਪੰਨਾ 1379)

ਸੋ, ਸਪਸ਼ਟ ਹੈ ਕਿ ਬਾਰ੍ਹਵੀਂ ਸਦੀ ਵਿਚ ਪੱਗ, ਮਨੁੱਖੀ ਮਾਨ ਤੇ ਸਤਿਕਾਰ ਵੱਜੋਂ ਇਕ ਅਖਾਣ ਦਾ ਰੂਪ ਵੀ ਧਾਰਨ ਕਰ ਚੁੱਕੀ ਸੀ। ਸੋ, ਇਸ ਦਾ ਪਰਚਲਨ ਤਾਂ ਫ਼ਰੀਦ ਜੀ ਤੋਂ ਸੈਂਕੜੇ ਵਰ੍ਹੇ ਪਹਿਲਾਂ ਹੋਂਦ ਵਿਚ ਆ ਚੁੱਕਾ ਹੋਵੇਗਾ।

ਉਂਝ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਵਾਂ 'ਤੇ 'ਪੱਗ', 'ਪਗਰੀ', 'ਦਸਤਾਰ' ਅਤੇ 'ਪਗੜੀ' ਦਾ ਜ਼ਿਕਰ ਸਪਸ਼ਟ ਰੂਪ ਵਿਚ ਹੁੰਦਾ ਹੈ। ਇੱਥੇ ਤਾਂ ਇਹ ਸਬੂਤ ਵੀ ਪ੍ਰਾਪਤ ਹੁੰਦਾ ਹੈ ਕਿ ਪੱਗ ਬੰਨ੍ਹਣ ਦੀ ਗੱਲ ਤਾਂ ਇਕ ਪਾਸੇ ਰਹੀ, ਸਗੋਂ ਉਦੋਂ ਤਾਂ ਪੱਗ ਨੂੰ, ਸਿਰ ਅਤੇ ਮਨੁੱਖੀ ਵਿਅਕਤਿਤਵ ਦੀ ਸਜਾਵਟ ਅਥਵਾ ਸ਼ਿੰਗਾਰ ਦੇ ਸਾਧਨ ਵੱਜੋਂ ਵੀ ਵਰਤਿਆ ਜਾਣ ਲੱਗ ਪਿਆ ਸੀ। ਇਸੇ ਕਰਕੇ ਹੀ -'ਟੇਢੀ ਪੱਗ'... ਅਥਵਾ 'ਖੂਬ ਤੇਰੀ ਪਗਰੀ' ਅਤੇ 'ਰੁਚਿ ਰੁਚਿ ਬਾਂਧਤ ਪਾਗ...' ਤੱਕ ਵੀ ਅੰਕਿਤ ਕੀਤਾ ਮਿਲਦਾ ਹੈ।

ਹਰ ਸਮਾਜ ਅਥਵਾ ਸਾਹਿਤ ਵਿਚ ਲੋਕ-ਅਖਾਣ ਅਤੇ ਮੁਹਾਵਰੇ, ਸੈਂਕੜੇ ਵਰ੍ਹਿਆਂ ਦੀ ਲੰਮੀ ਪ੍ਰਕਿਰਿਆ ਦੁਆਰਾ, ਮੰਜ-ਸੰਵਰ ਕੇ, ਲੋਕ ਰਸਨਾ ਉੱਤੇ ਮੇਲ੍ਹਣਾ ਅਰੰਭ ਕੀਤਾ ਕਰਦੇ ਹਨ। ਸਾਡੀ ਮਾਂ-ਬੋਲੀ ਵਿਚ ਅਨੇਕਾਂ ਹੀ ਅਖਾਣ ਅਤੇ ਮੁਹਾਵਰੇ ਅਜਿਹੇ ਪ੍ਰਾਪਤ ਹੁੰਦੇ ਹਨ ਜੋ ਪੱਗ ਦੀ ਮਹਾਨਤਾ, ਮਾਨ-ਮਰਿਆਦਾ ਤੇ ਪਵਿੱਤਰਤਾ ਦੀ ਹਾਮੀ ਭਰਦੇ ਹਨ। ਆਉ ਰਤਾ ਕੁ ਝਾਤ ਮਾਰ ਵੇਖੀਏ।

'ਪੱਗ ਲਾਹੁਣੀ' ਕਿਸੇ ਦੀ ਬੇ-ਪਤੀ (ਬੇ-ਇੱਜ਼ਤੀ) ਕਰਨੀ। 'ਪੱਗ ਵਟਾਉਣੀ' ਤੋਂ ਭਾਵ ਹੈ ਕਿਸੇ ਦੀ ਇੱਜ਼ਤ ਦਾ ਭਾਈਵਾਲ ਬਣ ਕੇ, ਉਸ ਦੀ ਰੱਖਿਆ ਦੀ ਗਰੰਟੀ ਚੁੱਕ ਲੈਣੀ। 'ਪੱਗ ਬਚਾਉਣੀ' ਤੋਂ ਭਾਵ ਹੁੰਦਾ ਹੈ ਕਿਸੇ ਦੀ ਇੱਜ਼ਤ ਬਚਾ ਲੈਣੀ। 'ਪੱਗ ਨੂੰ ਦਾਗ਼ ਨਾ ਲੱਗਣ ਦੇਣਾ' ਵੀ ਕਿਸੇ ਦੀ ਪਤ ਨੂੰ ਬੇ-ਦਾਗ਼ ਅਥਵਾ ਨਿਰਮਲ ਰੱਖਣਾ ਹੁੰਦਾ ਹੈ। ਇਵੇਂ ਹੀ ਹੋਰ ਅਨੇਕਾਂ ਅਖਾਣ-ਮੁਹਾਵਰੇ ਪੇਸ਼ ਕੀਤੇ ਜਾ ਸਕਦੇ ਹਨ ਜੋ ਪੱਗ ਨੂੰ ਮਾਨਵੀ ਦਾ ਸਿਰਮੌਰ ਅਥਵਾ ਅਨਿੱਖੜ-ਅੰਗ ਸਿੱਧ ਕਰਦੇ ਹਨ।

ਸਾਹਿਤ ਅਤੇ ਸੱਭਿਆਚਾਰ ਕਿਸੇ ਧਰਤੀ ਦੇ ਸਮਾਜਿਕ-ਜੀਵਨ ਦਾ ਪਰਤਉ ਅਥਵਾ ਪ੍ਰਤੀਬਿੰਬ ਹੁੰਦੇ ਹਨ। ਉਪਰੋਕਤ ਉਦਾਹਰਨਾਂ ਸੰਕੇਤਕ ਹਨ ਕਿ ਪੱਗ ਪੰਜਾਬ

ਦੇ ਜੀਵਨ ਨਾਲ ਏਨਾ ਓਤ-ਪੋਤ ਹੋ ਚੁੱਕੀ ਹੈ ਕਿ ਬੱਚੇ ਦੇ ਜਨਮ ਤੋਂ ਲੈ ਕੇ, ਮਨੁੱਖ ਦੇ ਸਮੂਹ ਮਰਨਿਆਂ-ਪਰਨਿਆਂ ਅਤੇ ਜੀਵਨ ਦੀਆਂ ਹੋਰ ਅਨੇਕਾਂ ਰਸਮਾਂ 'ਤੇ, ਇਹ (ਪੱਗ) ਸਾਡੇ ਅੰਗ ਸੰਗ ਖੜ੍ਹੀ ਹੁੰਦੀ ਹੈ। ਪੰਜਾਬ ਦੇ ਕਿਸੇ ਵੀ ਧਰਮ ਹਿੰਦੂ, ਸਿੱਖ, ਈਸਾਈ, ਮੁਸਲਮਾਨ ਦਾ, ਦੱਸੋ ਉਹ ਕਿਹੜਾ ਵਿਆਹ ਸ਼ਾਦੀ ਹੈ ਜਿਸ ਵਿਚ ਲਾੜਾ, ਸਰਵਾਲ੍ਹਾ ਅਤੇ ਪੰਜ-ਸੱਤ ਨੇੜਲੇ ਮਹੱਤਵਪੂਰਨ ਸਬੰਧੀ, ਨੰਗੇ ਸਿਰ ਬਰਾਤੇ ਚੜ੍ਹ ਕੇ ਅਗਲੇ ਘਰ ਢੁੱਕਦੇ ਹੋਣ? ਗੁਲਾਬੀ ਪੱਗਾਂ ਨੇ ਸਾਰਾ ਆਲਾ-ਦੁਆਲਾ ਹੀ ਖਿੜਾਇਆ ਹੋਇਆ ਹੁੰਦਾ ਹੈ। ਕਿਸੇ 'ਕਲਾ' ਜਾਂ ਵਿੱਦਿਆ ਦੇ ਗ੍ਰਹਿਣ ਕਰਨ ਲਈ, ਹੁਣ ਤੱਕ 'ਪੱਗ-ਰੁਪੱਈਆ' ਭੇਟਾ ਕਰਨ ਨਾਲ ਹੀ ਰਸਮ ਪਰਵਾਣਿਤ ਹੁੰਦੀ ਰਹੀ ਹੈ। ਕਿਸੇ ਧਾਰਮਿਕ ਜਾਂ ਸਮਾਜਿਕ ਅਵਸਰ 'ਤੇ, ਕਿਸੇ ਨੂੰ ਜੋ 'ਸਿਰੋਪਾ' ਬਖਸ਼ਿਸ਼ ਕੀਤਾ ਜਾਂਦਾ ਹੈ, ਦਰ-ਅਸਲ ਉਹ ਵੀ ਤਾਂ ਪੱਗ ਦਾ ਪ੍ਰਤੀਕ ਹੀ ਹੁੰਦਾ ਹੈ, ਉਂਝ ਹੁਣ ਭਾਵੇਂ ਉਹ ਸ਼ਾਲ ਜਾਂ ਪਟਕੇ ਵਿਚ ਵਟ ਗਈ ਹੋਵੇ। ਪਿਤਾ ਦੇ ਦੇਹਾਂਤ 'ਤੇ, ਵੱਡੇ-ਪੁੱਤਰ ਨੂੰ ਜੋ 'ਦਸਤਾਰਬੰਦੀ' ਦੀ ਰਸਮ ਕੀਤੀ ਜਾਂਦੀ ਹੈ, ਵਾਸਤਵ ਵਿਚ ਉਹ, ਉਸ ਦਿਨ ਤੋਂ, ਉਸ ਨੂੰ ਬਜ਼ੁਰਗੀ, ਵਡੱਪਣ ਅਤੇ ਜ਼ਿੰਮੇਵਾਰੀ ਦਾ ਰਾਜ ਤਿਲਕ ਹੀ ਦੇਣਾ ਹੁੰਦਾ ਹੈ। ਮਨੁੱਖ ਤਾਂ ਮਨੁੱਖ, ਤ੍ਰੀਮਤ ਦਾ ਸਿਰ ਨੰਗਾ ਹੋਣਾ, ਘੋਰ ਅਪ-ਸ਼ਗਨ (ਸਿਰੋਂ ਲੁੱਗੀ ਹੋਣਾ) ਅਥਵਾ ਵਿਧਵਾ-ਪੁਣੇ ਦਾ ਸੂਚਕ ਹੁੰਦਾ ਹੈ।

ਪੰਜਾਬ ਦੀ ਪੁਰਾਤਨ ਪੀੜ੍ਹੀ ਅੱਜ ਤੀਕਰ ਵੀ ਨੰਗੇ ਸਿਰ ਤੁਰਨ ਫਿਰਨ ਵਿਚ ਆਪਣੀ ਹੇਠੀ ਸਮਝਦੀ ਹੈ। ਕੇਵਲ ਅਰਾਮ ਕਰਨ ਸਮੇਂ ਹੀ, ਹਿੰਦੂ-ਭਾਈਚਾਰੇ ਦੇ ਬਜ਼ੁਰਗ, ਪਗੜੀ ਲਾਹ ਕੇ ਕਿੱਲੀ 'ਤੇ ਟੰਗਣਗੇ ਅਤੇ ਜਾਂ ਮੰਜੀ ਦੇ ਸਰਹਾਣੇ ਰੱਖਣਗੇ। ਪਰ ਘਰੋਂ ਬਾਹਰ ਨਿਕਲਣ ਲੱਗਿਆਂ ਪੱਗ, ਫੇਰ ਸਿਰ 'ਤੇ ਧਰ ਲੈਂਦੇ ਹਨ। ਅਧਿਆਪਕ ਅਤੇ ਪਟਵਾਰੀ ਆਦਿਕ, ਜੋ ਸਮਾਜ ਦੇ ਮਹੱਤਵਪੂਰਨ ਅਤੇ ਵਧੇਰੇ ਸਤਿਕਾਰ ਦੇ ਪਾਤਰ ਹੁੰਦੇ ਹਨ, ਮਰਦੇ-ਦਮ ਤੀਕ ਵੀ ਪਗੜੀ ਨੂੰ ਜੀਵਨ ਦਾ ਅਨਿੱਖੜ ਅੰਗ ਮੰਨਦੇ ਵੇਖੇ ਜਾਂਦੇ ਹਨ।

ਸਿੱਖ-ਧਰਮ ਵਿਚ ਤਾਂ ਜਿੱਥੇ ਕੇਸ 'ਪੰਜਵਾਂ-ਕਕਾਰ' ਹਨ, ਉੱਥੇ ਦਸਤਾਰ ਅਥਵਾ ਪੱਗ ਕੇਸਾਂ ਦਾ ਅਨਿੱਖੜ ਅੰਗ ਮੰਨੀ ਗਈ ਹੈ। ਕਾਰਨ ਇਹ, ਕਿ ਨੰਗੇ ਸਿਰ ਹੋਣਾ ਕੇਸਾਂ ਅਥਵਾ ਇਸ ਪੰਜਵੇਂ ਕਕਾਰ ਦੀ ਬੇ-ਅਦਬੀ ਸਮਝੀ ਗਈ ਹੈ। ਸਗੋਂ ਬਰਾਬਰੀ ਦਾ ਹੱਕ ਮਾਣਦੀਆਂ ਹੋਈਆਂ, ਸਿੰਘਣੀਆਂ ਵੀ 'ਕੇਸਕੀ' (ਛੋਟੀ ਦਸਤਾਰ) ਬੰਨ੍ਹ ਕੇ ਇਸ ਚਿੰਨ੍ਹ ਦੇ ਮਹੱਤਵ ਉੱਤੇ ਮੁਹਰ ਛਾਪ ਲਾਉਣ ਲੱਗ ਪਈਆਂ ਹਨ। ਸਿੰਘ ਤਾਂ ਦਸਤਾਰ ਹੀਣ ਹੋ ਕੇ, 'ਤਨਖਾਹੀਆਂ' ਹੋਣ ਦੇ ਸਮਾਨ ਹੋ ਜਾਂਦਾ ਹੈ।.... ਸੋ, ਦਸਤਾਰ ਗੁਰਸਿੱਖੀ ਜੀਵਨ ਦਾ ਅਟੁੱਟ ਅੰਗ ਹੈ। ਦਸਤਾਰ ਦੀ ਥਾਵੇਂ ਟੋਪੀ ਤਾਂ ਸਿੱਖ ਆਪਣੇ ਕੇਸਾਂ ਨੂੰ ਛੁਹਾ ਤੱਕ ਵੀ ਨਹੀਂ ਸਕਦਾ ਕਿਉਂਕਿ 'ਰਹਿਤਨਾਮੇ' (Code of Conduct) ਵਿਚ ਦਸਮ ਪਿਤਾ ਦੇ ਆਦੇਸ਼ ਕੁਝ ਇਸ ਪ੍ਰਕਾਰ ਹਨ।

*ਹੋਇ ਸਿਖ ਸਿਰ ਟੋਪੀ ਧਰੈ॥*
*ਸਾਤ ਜਨਮ ਕੁਸ਼ਟੀ ਹੋਇ ਮਰੈ॥*

ਪੱਗ ਦੀ ਮਾਨ ਮਰਿਆਦਾ ਅਤੇ ਮਹੱਤਵ ਦੀ ਗੱਲ ਸਿਰੇ ਨਹੀਂ ਲੱਗਦੀ ਜਦੋਂ ਤੱਕ ਅਸੀਂ ਭਾਈ ਗੁਰਦਾਸ ਜੀ ਦੀ 'ਵਾਰ' ਨੰ. 32 ਦੀ 19ਵੀਂ ਪਉੜੀ ਦੇ ਤੱਥਾਂ 'ਤੇ ਨਜ਼ਰ ਨਹੀਂ ਫੇਰ ਲੈਂਦੇ। ਸੋਲ੍ਹਵੀਂ ਸਦੀ ਦੇ ਇਸ ਮਹਾਨ ਕਵੀ ਨੇ ਇਕ ਬੜੀ ਰੌਚਕ ਘਟਨਾ ਰਾਹੀਂ ਇਸੇ ਤੱਥ ਦੀ ਉਸਾਰੀ ਕੀਤੀ ਹੈ। ਉਹ ਸਪਸ਼ਟ ਕਰਦੇ ਹਨ ਕਿ ਕਿਸੇ ਵਡੇਰੇ ਮਨੁੱਖ ਦਾ, ਪੱਗ ਰਹਿਤ ਅਥਵਾ ਸਿਰ ਤੋਂ ਨੰਗਾ ਹੋਣਾ ਕਿਸ ਪ੍ਰਕਾਰ ਆਪਣੇ ਘਰ, ਗਲੀ ਮੁਹੱਲੇ ਤੇ ਓੜਕ ਸਮੁੱਚੇ ਪਿੰਡ ਜਾਂ ਸਮਾਜ ਵਿਚ ਉਪੱਦਰ ਖੜ੍ਹਾ ਕਰਨ ਦੇ ਸਮਰੱਥ ਹੁੰਦਾ ਹੈ। ਉਨ੍ਹਾਂ ਇਕ ਰੌਚਕ ਘਟਨਾ ਦਾ ਸਹਾਰਾ ਲੈਂਦਿਆਂ ਲਿਖਿਆ ਹੈ ਕਿ ਕੋਈ ਬਜ਼ੁਰਗ ਅਤੀ ਠੰਢੇ ਖੂਹ ਦੇ ਪਾਣੀ ਨਾਲ ਨਹਾਉਣ ਕਰਕੇ ਚਕਰਾ ਗਿਆ ਤੇ ਪੱਗ ਖੂਹ 'ਤੇ ਹੀ ਭੁੱਲ ਕੇ, ਨੰਗੇ ਸਿਰ ਘਰ ਆਣ ਵੜਿਆ। ਮਨੁੱਖਾਂ ਦਾ ਵਿਸ਼ੇਸ਼ਕਰ ਵਡੇਰੀ ਉਮਰ ਵਾਲਿਆਂ ਲਈ, ਇਹ ਸੋਗ ਤੇ ਅਪਸ਼ਗਨੀ ਹੁੰਦੀ ਹੈ। ਇਹ ਅਪਸ਼ਗਨੀ ਤੱਕ ਕੇ, ਨੂੰਹਾਂ ਭਬੱਤਰ ਗਈਆਂ, ਪਰੰਤੂ ਸਹੁਰੇ ਤੇ ਨੂੰਹਾਂ ਦੀ ਬੋਲ-ਚਾਲ ਦਾ ਰਿਵਾਜ ਨਹੀਂ ਸੀ। ਸੋ, ਉਨ੍ਹਾਂ ਨੇ ਪਿੱਟ-ਸਿਆਪਾ ਸ਼ੁਰੂ ਕਰ ਦਿੱਤਾ। ਕੁਰਲਾਟ ਪਿਆ ਵੇਖ ਕੇ, ਗਲੀ-ਗੁਆਂਢ ਅਥਵਾ ਸਾਰੇ ਪਿੰਡ ਦੀਆਂ ਤ੍ਰੀਮਤਾਂ ਰੋਣ ਪਿੱਟਣ ਲਈ ਆਣ ਜੁੜੀਆਂ। ਰਿਵਾਜ ਅਨੁਸਾਰ, ਸਿਆਪੇ ਦੀ ਅਗਵਾਈ ਕਰਨ ਲਈ ਨੈਣ ਨੇ ਪੁੱਛਿਆ ਕਿ ਇਹ ਤਾਂ ਦੱਸੋ ਕਿ ਮਰਿਆ ਕੌਣ ਹੈ ਅਤੇ ਮੈਂ ਅਲਾਹੁਣੀ (ਸੋਗੀ-ਗੀਤ) ਕਿਸੇ ਦੇ ਨਾਂ 'ਤੇ ਦਿਆਂ? ਅਸਲੀਅਤ ਦਾ ਪਤਾ ਲੱਗਣ ਤੇ ਸਭਨਾਂ ਨੂੰ ਆਪੋ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ ਹੋਵੇਗਾ। ਰਤਾ ਭਾਈ ਸਾਹਿਬ ਦੁਆਰਾ ਖਿੱਚੇ ਸ਼ਬਦ-ਚਿੱਤਰ ਦਾ ਅਨੰਦ ਮਾਣਦੇ ਹੋਏ ਪੱਗ ਦੀ ਪਵਿੱਤਰਤਾ ਤੇ ਮਹਾਨਤਾ ਦਾ ਅਨੁਮਾਨ ਵੀ ਲਾਉ:-

*ਠੰਢੇ ਖੂਹਹੁ ਨ੍ਹਾਇ ਕੈ,*
*ਪਗ ਵਿਸਾਰਿ ਆਇਆ ਸਿਰਿ ਨੰਗੈ।*

*ਘਰ ਵਿਚਿ ਰੰਨਾ ਕਮਲੀਆਂ,*
*ਧੁਸੀ ਲੀਤੀ ਦੇਖਿ ਕੁਢੰਗੈ।*
*ਰੰਨਾਂ ਦੇਖਿ ਪਿਟੰਦੀਆਂ, ਢਾਹਾਂ ਮਾਰੈਂ ਹੋਇ ਨਿਸੰਗੈ।*
*ਲੋਕ ਸਿਆਪੇ ਆਇਆ, ਰੰਨਾਂ ਪੁਰਸ ਜੁੜੇ ਲੈ ਪੰਗੈ।*
*ਨਾਇਣ ਪੁਛਦੀ ਪਿਟਦੀਆਂ,*
*ਕਿਸ ਦੈ ਨਾਇ ਅਲ੍ਹਾਹਣੀ ਅੰਗੈ।*
*ਸਹੁਰੇ ਪੁਛਹੁ ਜਾਇ ਕੈ ਕਉਣ ਮੁਆ,*
*ਨੂਹ ਉਤਰੁ ਮੰਗੈ।*
*ਕਾਵਾਂ ਰੌਲਾ ਮੂਰਖੁ ਸੰਗੈ।*

ਕਿੱਡੇ ਦੁਖ ਅਤੇ ਹੈਰਾਨੀ ਦੀ ਗੱਲ ਹੈ ਕਿ ਏਡੇ ਪਵਿੱਤਰਤਾ ਅਤੇ ਮਹੱਤਵ ਦੇ ਚਿੰਨ੍ਹ, ਪਗੜੀ ਨੂੰ ਨਸ਼ਟ ਕਰਨ ਦੇ ਲਈ ਅੱਜ ਹਮਲੇ ਵੀ ਓਸੇ ਪੱਛਮ ਦੀ ਦਿਸ਼ਾ ਤੋਂ ਸ਼ੁਰੂ ਹੋ ਗਏ ਹੋਏ ਹਨ, ਜਿਸ ਦਿਸ਼ਾ ਤੋਂ ਇਸ ਦਾ ਜਨਮ ਹੋਇਆ ਸੀ। ਖੁਦਾ ਖੈਰ ਕਰੇ!!...

# ਧਰਮ ਅਤੇ ਸੰਗੀਤ ਦਾ ਸੰਬੰਧ

ਸਵਰਨਜੀਤ ਕੌਰ : 'ਸਾਡਾ ਵਿਰਸਾ ਸਾਡਾ ਗੌਰਵ' 'ਚੋਂ ਧੰਨਵਾਦ ਸਹਿਤ

ਪ੍ਰਾਚੀਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦਾ ਅਟੁੱਟ ਸੰਬੰਧ ਰਿਹਾ ਹੈ। ਭਾਰਤ ਦੇਸ਼ ਧਰਮ ਪ੍ਰਧਾਨ ਦੇਸ਼ ਹੈ ਤੇ ਇਸਦੇ ਕਣ ਕਣ ਵਿਚ ਰਾਮ, ਕ੍ਰਿਸ਼ਨ ਤੇ ਗੁਰੂ ਨਾਨਕ ਦੀ ਆਤਮਾ ਸਮੋਈ ਹੋਈ ਹੈ। ਸੰਗੀਤ ਕਲਾ ਇਕ ਐਸੀ ਕਲਾ ਹੈ ਜਿਸਨੂੰ ਵਿਦਵਾਨਾਂ ਨੇ ਜੀਵਨ ਦੇ ਲਈ, ਸੇਵਾ ਦੇ ਲਈ, ਆਤਮ ਅਨੁਭੂਤੀ ਦੇ ਲਈ, ਅਨੰਦ ਦੇ ਲਈ ਅਤੇ ਭਗਤੀ ਦੇ ਲਈ ਮੰਨਿਆ ਹੈ।

ਭਗਤੀ ਅਤੇ ਸੰਗੀਤ ਇਕ ਦੂਸਰੇ ਦੇ ਪੂਰਕ ਹਨ। ਭਗਤੀ ਦੁਆਰਾ ਭਗਤ ਮਨ ਦੀ ਆਤਮ ਸ਼ਾਂਤੀ ਪ੍ਰਾਪਤ ਕਰਦਾ ਹੈ ਤੇ ਸੰਗੀਤ ਦੁਆਰਾ ਮਨ ਦੀ ਇਕਾਗਰਤਾ। ਸੰਗੀਤ ਦਾ ਮੁੱਖ ਉਦੇਸ਼ ਹੀ ਮੁਕਤੀ ਪ੍ਰਾਪਤੀ ਤੇ ਈਸ਼ਵਰ ਉਪਾਸਨਾ ਹੈ। ਸੰਗੀਤ ਈਸ਼ਵਰ ਤੱਕ ਪਹੁੰਚਣ ਦਾ ਇਕ ਪੌੜੀ ਦੇ ਰੂਪ ਵਿਚ ਕੰਮ ਕਰਦਾ ਹੈ। ਭਾਰਤ ਦੇ ਲਗਭਗ ਸਭ ਧਰਮ ਸੰਸਥਾਪਕਾਂ ਨੇ ਸੰਗੀਤ ਦੀ ਵਰਤੋਂ ਪ੍ਰਭੂ ਭਗਤੀ ਦੇ ਲਈ ਹੀ ਕੀਤੀ ਹੈ। ਰਿਸ਼ੀਆਂ, ਮੁਨੀਆਂ ਨੇ ਸੰਗੀਤ ਨੂੰ ਸਿਰਫ ਮਨੋਰੰਜਨ ਦਾ ਸਾਧਨ ਨਾ ਮੰਨ ਕੇ ਪ੍ਰਭੂ ਭਗਤੀ ਵੱਲ ਮੁੱਖ ਕੀਤਾ ਹੈ। ਸੰਗੀਤ ਦੀ ਧਾਰਾ ਨੂੰ ਭਗਤੀ ਵੱਲ ਮੋੜ ਕੇ ਹਜ਼ਾਰਾਂ ਸਾਲ ਪਹਿਲਾਂ ਹਰੀ ਕੀਰਤਨ ਦੀ ਨੀਂਹ ਰੱਖੀ ਗਈ। ਜਿਸ ਤਰ੍ਹਾਂ ਧਰਮ ਦਾ ਉਦੇਸ਼ ਸਭ ਨੂੰ ਇਕ ਸੂਤਰ ਵਿਚ ਪਰੋਣਾ ਹੈ ਉਸੇ ਤਰ੍ਹਾਂ ਸੰਗੀਤ ਦਾ ਉਦੇਸ਼ ਵੀ ਧਰਮ ਨਿਰਪੱਖਤਾ ਹੀ ਹੈ।

ਜਿਸ ਤਰ੍ਹਾਂ ਧਰਮ ਪਰਜਾ ਨੂੰ ਇਕ ਸੂਤਰ ਵਿਚ ਧਾਰਨ ਕਰਦਾ ਹੈ ਉਸੇ ਤਰ੍ਹਾਂ ਸੰਗੀਤ ਵੀ ਅਲੱਗ ਅਲੱਗ ਸਭਿਆਚਾਰਾਂ ਦੇ ਲੋਕਾਂ ਨੂੰ ਆਪਸ ਵਿਚ ਜੋੜਦਾ ਹੈ। ਧਰਮ ਦੇ ਆਪਣੇ ਕੁਝ ਅਸੂਲ ਹੁੰਦੇ ਹਨ ਜਿਨ੍ਹਾਂ ਨੂੰ ਬਣਾਈ ਰੱਖਣਾ ਜ਼ਰੂਰੀ ਹੁੰਦਾ ਹੈ। ਜੇਕਰ ਕੋਈ ਧਰਮ ਦੇ ਅਸੂਲਾਂ ਦੀ ਪਾਲਣਾ ਕਰਦਾ ਹੈ ਤਾਂ ਉਹ ਧਰਮੀ ਹੈ ਅਤੇ ਜੋ ਉਨ੍ਹਾਂ ਅਸੂਲਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਨੂੰ ਅਧਰਮੀ ਦੀ ਸੰਗਿਆ ਦਿੱਤੀ ਜਾਂਦੀ ਹੈ। ਜਿਵੇਂ ਧਰਮ ਦੇ ਅਸੂਲ ਹੁੰਦੇ ਹਨ ਉਵੇਂ ਹੀ ਸੰਗੀਤ ਦੇ ਵੀ ਆਪਣੇ ਕੁਝ ਅਸੂਲ ਹੁੰਦੇ ਹਨ। ਉਹਨਾਂ ਅਸੂਲਾਂ ਦੀ ਪਾਲਣਾ ਕਰਨਾ ਸੰਗੀਤ ਵਿਦਿਆਰਥੀਆਂ ਲਈ ਬਹੁਤ ਜ਼ਰੂਰੀ ਹੁੰਦਾ ਹੈ।

ਸੋ ਧਰਮ ਅਤੇ ਸੰਗੀਤ ਇਕ ਦੂਸਰੇ ਦੇ ਪੂਰਕ ਹਨ। ਸੰਗੀਤ ਸ਼ਾਸਤਰਾਂ ਵਿਚ ਭਗਤੀਮਈ ਸੰਗੀਤ ਦੀ ਪ੍ਰਸ਼ੰਸਾ ਪਾਈ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਵਗਤ ਭਗਤੀ ਦਾ ਅੰਤਰਗਤ ਸੰਗੀਤ ਦਾ ਪ੍ਰਯੋਗ ਉਤਮ ਮੰਨਿਆ ਗਿਆ ਹੈ। ਹਰੀ ਦਾ ਗਾਇਨ ਕਰਨ ਨਾਲ ਹੀ ਮੁਕਤੀ ਪ੍ਰਾਪਤੀ ਅਤੇ ਯੱਗ ਦਾਨ ਆਦਿ ਦਾ ਫਲ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਇਕ ਸਲੋਕ ਵਿਚ ਗਾਇਨ ਦੀ ਮਹੱਤਤਾ ਦੱਸੀ ਗਈ ਹੈ।

*ਪੂਜਾ ਕੋਟਿ ਗਣੰ ਸ਼ਤੋਤਰ,*
*ਸ਼ਤੋਤਰਾਤ ਕੋਟਿ ਗਣੰ ਜਪ॥*
*ਜਪਾਤ ਕੋਟਿ ਗਣੰ ਗਾਨੰ,*
*ਗਾਨਾਤ ਪਰਤਰੰ ਨਾਹਿ॥*

ਅਰਥਾਤ ਪੂਜਾ ਤੋਂ ਕਰੋੜ ਗੁਣਾਂ ਸ੍ਰੇਸ਼ਠ ਸ਼ਤੋਤਰ ਹੈ, ਸ਼ਤੋਤਰ ਤੋਂ ਕਰੋੜ ਗੁਣਾਂ ਜਪ, ਅਤੇ ਜਪ ਤੋਂ ਕਰੋੜ ਗੁਣਾਂ ਗਾਇਨ ਸ੍ਰੇਸ਼ਠ ਹੁੰਦਾ ਹੈ। ਗਾਇਨ ਤੋਂ ਉਪਰ ਕੁਝ ਵੀ ਨਹੀਂ ਹੈ। ਪਰਮ ਪਿਤਾ ਪ੍ਰਮਾਤਮਾ ਦੀ ਪ੍ਰਾਪਤੀ ਭਗਤੀ ਦੇ ਮਾਧਿਅਮ ਨਾਲ ਹੀ ਹੋ ਸਕਦੀ ਹੈ। ਸੰਗੀਤ ਦਾ ਮੁੱਖ ਉਦੇਸ਼ ਹੈ ਈਸ਼ਵਰ ਉਪਾਸਨਾ, ਮੁਕਤੀ ਪ੍ਰਾਪਤੀ ਅਤੇ ਪਰਮਸੱਚ ਦੀ ਪ੍ਰਾਪਤੀ। ਜਿਵੇਂ ਨਾਦ ਨੂੰ ਸੰਗੀਤ ਦਾ ਆਧਾਰ ਮੰਨਿਆ ਗਿਆ ਹੈ ਉਸੇ ਤਰ੍ਹਾਂ ਧਰਮ ਦਾ ਆਧਾਰ ਭਗਤੀ ਨੂੰ ਮੰਨਿਆ ਗਿਆ ਹੈ।

ਇਸ ਭਗਤੀ ਅਤੇ ਭਗਵਾਨ ਵਿਚ ਕੜੀ ਦਾ ਕੰਮ ਕਰਦਾ ਹੈ 'ਸੰਗੀਤ'। ਸੰਗੀਤ ਦਾ ਸੰਬੰਧ ਅਧਿਆਤਮਿਕਤਾ ਨਾਲ ਹੈ। ਇਸ ਅਧਿਆਤਮਿਕਤਾ ਦੇ ਸਾਧਨ ਕੀਰਤਨ, ਭਜਨ ਤੇ ਮੰਤਰ ਉਚਾਰਨ ਮੰਨੇ ਗਏ ਹਨ। ਇਸ ਪ੍ਰਕਾਰ ਨਾਲ ਭਗਤੀ ਤੇ ਸੰਗੀਤ ਦਾ ਸੰਬੰਧ ਰਿਹਾ ਹੈ।

# ਰਾਗ ਵਿਵਰਨ

ਪ੍ਰੋ. ਕਰਤਾਰ ਸਿੰਘ : ਪੁਸਤਕ 'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ

ਰਾਗ ਗਉੜੀ (ਭੈਰਵ ਥਾਟ)

ਪੰਡਿਤ ਭਾਤਖੰਡੇ ਦੇ ਰਚਿਤ ਗ੍ਰੰਥ 'ਸ਼੍ਰੀ ਮਲੱਕਸ਼ਯ ਸੰਗੀਤ' (ਅਧਿਆਇ ਦੂਜਾ) ਪੰਨਾ ੧੨੦-੧੨੧ ਸਲੋਕ ਨੰ. ੭੭ ਅਨੁਸਾਰ ਰਾਗ ਮਾਲਵ ਤੇ ਰਾਗ ਗੌਂਡ ਦੇ ਮੇਲ ਨਾਲ ਗੌਰੀ ਰਾਗ ਬਣਦਾ ਦੱਸਿਆ ਗਿਆ ਹੈ। ਇਸ ਦੇ ਆਰੋਹ ਵਿਚ ਧੈਵਤ ਤੇ ਗੰਧਾਰ ਵਰਜਿਤ ਹਨ ਤੇ ਅਵਰੋਹ ਸੰਪੂਰਨ ਹੈ। ਸਲੋਕ ਨੰ. ੭੮ ਅਨੁਸਾਰ ਇਸਦਾ ਵਾਦੀ ਸਵਰ ਰਿਸ਼ਭ ਤੇ ਸੰਵਾਦੀ ਪੰਚਮ ਹੁੰਦਾ ਹੈ। ਇਸ ਦਾ ਗਾਏ ਜਾਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਨਿਸ਼ਚਿਤ ਕੀਤਾ ਗਿਆ ਹੈ। ਸਲੋਕ ਨੰ. ੭੯ ਅਨੁਸਾਰ ਕੁਝ ਸੰਗੀਤ ਵਿਦਵਾਨ ਇਸ ਵਿਚ ਤੀਵਰ ਮਧਿਅਮ ਲਗਾਉਂਦੇ ਹਨ ਜੋ ਪ੍ਰਯੋਗ ਵਿਚ ਗਲਤ ਨਹੀਂ ਲੱਗਦਾ ਹੈ ਕਿਉਂਕਿ ਇਹ ਸ਼ਾਮ ਦੇ ਸਮੇਂ ਗਾਇਆ ਜਾਣ ਵਾਲਾ ਰਾਗ ਹੈ। ਸਲੋਕ ਨੰ. ੮੦ ਅਨੁਸਾਰ ਵਿਦਵਾਨਾਂ ਦਾ ਕਹਿਣਾ ਹੈ ਕਿ ਇਸ ਰਾਗ ਵਿਚ ਤੀਵਰ 'ਮ' ਦੇ ਪ੍ਰਯੋਗ ਨਾਲ ਇਹ ਰਾਗ ਕਾਲਿੰਗੜਾ ਤੇ ਪੂਰੀਆ ਦਾ ਸੁਮੇਲ ਬਣ ਜਾਂਦਾ ਹੈ। ਸਲੋਕ ਨੰ. ੮੧ ਅਨੁਸਾਰ ਇਸ ਰਾਗ ਵਿਚ ਮੰਦਰ ਸਪਤਕ ਦੇ ਨਿਸ਼ਾਦ ਦਾ ਵਿਸ਼ੇਸ਼ ਤੇ ਵਚਿੱਤਰ ਢੰਗ ਨਾਲ ਪ੍ਰਯੋਗ ਕੀਤਾ ਜਾਂਦਾ ਹੈ। ਸ਼੍ਰੋਤਾਗਣ ਇਸ ਤੋਂ ਹੀ ਰਾਗ ਦੀ ਪਹਿਚਾਣ ਕਰਦੇ ਹਨ।

ਗਉੜੀ ਇਕ ਪ੍ਰਾਚੀਨ ਰਾਗ ਹੈ ਤੇ ਹਿੰਦੁਸਤਾਨੀ ਸੰਗੀਤ ਦੇ ਤਕਰੀਬਨ ਸਾਰੇ ਹੀ ਗ੍ਰੰਥਕਾਰਾਂ ਨੇ ਗਉੜੀ ਦਾ ਵਰਨਣ ਕੀਤਾ ਹੈ। ਰਾਗ ਵਰਗੀਕਰਣ ਦੇ ਇਤਿਹਾਸ ਵਿਚ ਪ੍ਰਾਚੀਨ ਕਾਲ ਦੇ ਜਾਤੀ ਵਰਗੀਕਰਣ ਤੋਂ ਬਾਅਦ ਗ੍ਰਾਮ ਰਾਗ ਵਰਗੀਕਰਣ ਆਉਂਦਾ ਹੈ ਜਿਸ ਬਾਰੇ ਮਤੰਗ ਨੇ ਆਪਣੇ ਗ੍ਰੰਥ 'ਬ੍ਰਿਹਦਦੇਸ਼ੀ' ਵਿਚ ਜ਼ਿਕਰ ਕੀਤਾ ਹੈ ਤੇ ਇਨ੍ਹਾਂ ਰਾਗਾਂ ਦੀ ਸੰਖਿਆ ੩੦ ਦੱਸੀ ਹੈ। ਗ੍ਰਾਮ ਰਾਗ ਦੇ ਪੰਜ ਪ੍ਰਕਾਰ ਮੰਨੇ ਗਏ ਹਨ ਸ਼ੁੱਧ, ਭਿੰਨ, ਗਉੜ, ਬੇਸਰ ਤੇ ਸਧਾਰਨ, ਤੇ ਇਹ ਪੰਜ ਵੱਖ-ਵੱਖ ਪ੍ਰਕਾਰ ਦੇ ਗੀਤ ਹਨ। ਕੁਝ ਵਿਦਵਾਨ ਇਸ ਗਉੜ ਤੋਂ ਹੀ ਗਉੜੀ ਦਾ ਵਿਕਸਤ ਹੋਇਆ ਰੂਪ ਮੰਨਦੇ ਹਨ। ਪੰਡਿਤ ਲੋਚਨ ਨੇ ਆਪਣੇ ਗ੍ਰੰਥ 'ਰਾਗਤਰੰਗਣੀ' (੧੫ਵੀਂ ਸ਼ਤਾਬਦੀ) ਵਿਚ ੧੨ ਥਾਟ ਮੰਨੇ ਹਨ ਤੇ ਉਹਨਾਂ ਵਿਚੋਂ ਤੀਜਾ ਥਾਟ ਗੌਰੀ ਨੂੰ ਮੰਨਿਆ ਹੈ ਜੋ ਅੱਜ ਦੇ ਭੈਰਵ ਥਾਟ ਦੇ ਸਮਾਨ ਹੈ। ਗਉੜੀ ਦੇ ਸਮੇਂ ਬਾਰੇ ਵੀ ਉਨ੍ਹਾਂ ਇਸ ਪ੍ਰਕਾਰ ਵਰਣਨ ਕੀਤਾ ਹੈ 'ਸਾਯੰਕਾਲਸਤੁ ਗੌਰੀ ਰਾਗ ਸਯ ਭੂਤਲੇ' ਭਾਵ ਰਾਗ ਗੌਰੀ ਸ਼ਾਮ ਨੂੰ ਗਾਇਆ ਜਾਂਦਾ ਹੈ। ੧੬ਵੀਂ ਸ਼ਤਾਬਦੀ ਵਿਚ ਪੁੰਡਰੀਕ ਵਿਠਲ ਨੇ ਆਪਣੇ ਗ੍ਰੰਥ 'ਸਦਰਾਗ ਚੰਦ੍ਰੋਦਯ' ਵਿਚ ੧੯ ਮੇਲ ਮੰਨੇ ਹਨ ਤੇ ਮਾਲਵ ਗੌਡ ਮੇਲ ਤੋਂ ਗਉਡੀ ਰਾਗ ਦੀ ਉਤਪਤੀ ਮੰਨੀ ਹੈ। ਪਰ ਇਨ੍ਹਾਂ ਨੇ ਹੀ ਆਪਣੇ ਗ੍ਰੰਥ 'ਰਾਗਮਾਲਾ' ਵਿਚ ਰਾਗ-ਰਾਗਨੀ ਵਰਗੀਕਰਣ ਵਿਚ ਗਉੜੀ ਨੂੰ ਰਾਗਨੀ ਅਤੇ ਸ਼੍ਰੀ ਰਾਗ ਦੀ ਇਸਤ੍ਰੀ ਮੰਨਿਆ ਹੈ, ਪਰ ਇਹਨਾਂ ਨੇ ਹੀ ਮੇਲ ਰਾਗ ਵਰਗੀਕਰਣ ਨੂੰ ਮੰਨਦਿਆਂ ਹੋਇਆਂ ਆਪਣੇ ਗ੍ਰੰਥ 'ਰਾਗਮੰਜਰੀ' ਵਿਚ ੨੦ ਮੇਲ ਮੰਨੇ ਹਨ ਤੇ ਗੌਰੀ ਮੇਲ ਦੇ ੧੬ ਜਨਯ ਰਾਗਾਂ ਵਿਚੋਂ ਗੌਡੀ ਇਕ ਹੈ। ਸ਼ਾਹ ਹੁਸੈਨ (੧੫੩੮-੧੫੯੯) ਨੇ ਵੀ ਰਾਗ ਗਉੜੀ ਦੇ ਸਿਰਲੇਖ ਹੇਠ ਰਚਨਾਵਾਂ ਲਿਖੀਆਂ ਹਨ। ਸ਼੍ਰੀਕੰਠ ਨੇ ਆਪਣੇ ਗ੍ਰੰਥ 'ਰਸ-ਕੌਮੁਦੀ' ਵਿਚ ੯ ਮੇਲ ਮੰਨੇ ਹਨ ਤੇ ਉਨ੍ਹਾਂ ਵਿਚੋਂ ਮਾਲਵ ਗੌਂਡ ਤੋਂ ਗੌਂਡੀ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਭਾਵਭੱਟ ਨੇ ਆਪਣੇ ਗ੍ਰੰਥ 'ਅਨੂਪਬਿਲਾਸ' (੧੭ਵੀਂ ਸ਼ਤਾਬਦੀ) ਵਿਚ ੬੭ ਰਾਗਾਂ ਦਾ ਵਰਣਨ ਦਿੱਤਾ ਹੈ ਉਨ੍ਹਾਂ ਵਿਚੋਂ ਗੌਰੀ ਨੂੰ ਇਕ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗਮਾਤੇ ਆਸਫ਼ੀ' (੧੮੧੩ ਈ.) ਵਿਚ ੬ ਰਾਗ ਤੇ ਹਰ ਰਾਗ ਦੀਆਂ ੬ ਰਾਗਨੀਆਂ ਕੁਲ ੩੬ ਰਾਗਨੀਆਂ ਦਾ ਸਿਧਾਂਤ ਮੰਨਿਆ ਹੈ ਤੇ ਗੌਰੀ ਨੂੰ ਸ੍ਰੀ ਰਾਗ ਦੀ ਰਾਗਨੀ ਮੰਨਿਆਂ ਹੈ। 'ਸੰਗੀਤ ਕਲਪਦ੍ਰਮੇ' ਦੇ ਕਰਤਾ ਸ਼੍ਰੀ ਕ੍ਰਿਸ਼ਨਾ ਨੰਦ ਵਿਆਸ (੧੮੪੨ ਈ.) ਨੇ ਵੀ ਗੌਰੀ ਨੂੰ ਰਾਗ ਮੰਨਿਆ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ ਗ੍ਰੰਥ 'ਸੰਗੀਤ ਕਲਪਦ੍ਰੁਮਾਂਕੁਰੇ' ਵਿਚ ਰਾਗਾਂ ਦੇ ਵਿਵਰਣ ਬਾਰੇ ੧੧ ਸਲੋਕਾਂ ਦੀ ਰਚਨਾ ਹੈ ਤੇ ੬ਵੇਂ ਸਲੋਕ ਵਿਚ ਗੌਰੀ ਨੂੰ ਪੂਰਵੀ ਮੇਲ ਦਾ ਰਾਗ ਮੰਨਿਆ ਹੈ। "ਮੇਲੇ ਪੂਰਵਿਆਭੀਧਾਨਕੇ ਪ੍ਰਕੱਥਿਤਾ ਗੌਰੀ ਚਾ ਰੇਵਾ ਪੁਨਹ॥"

ਪੰਡਿਤ ਭਾਤਖੰਡੇ ਜੀ ਨੇ ਆਪਣੀ ਪੁਸਤਕ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੫ ਵਿਚ ਰਾਗ ਗਉੜੀ ਦੋ ਅੰਗ ਦਾ ਮੰਨਿਆ ਹੈ। ਉਹਨਾਂ ਇਕ ਗਉੜੀ ਨੂੰ ਭੈਰਵ ਥਾਟ ਤੋਂ ਉਤਪੰਨ ਮੰਨਿਆ ਹੈ ਜਿਸ ਵਿਚ ਰਿਸ਼ਭ ਧੈਵਤ ਕੋਮਲ

ਤੇ ਹੋਰ ਸਵਰ ਸ਼ੁੱਧ ਹਨ। ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ ਤੇ ਜਾਤੀ ਔੜਵ-ਸੰਪੂਰਨ ਹੈ। ਵਾਦੀ ਰਿਸ਼ਭ ਤੇ ਸੰਵਾਦੀ ਪੰਚਮ ਹੈ। ਇਹ ਸ਼੍ਰੀ ਤੇ ਕਾਲਿੰਗੜਾ ਦਾ ਮਿਸ਼ਰਨ ਹੈ। ਭਾਤਖੰਡੇ ਜੀ ਨੇ ਗਉੜੀ ਦਾ ਦੂਜਾ ਸਰੂਪ ਪੂਰਵੀ ਥਾਟ ਤੋਂ ਮੰਨਿਆ ਹੈ। ਮੁੱਖ ਅੰਤਰ ਦੋਹਾਂ ਵਿਚ ਇਹ ਹੈ ਕਿ ਉਹਨਾਂ ਭੈਰਵ ਅੰਗ ਦੇ ਗਉੜੀ ਵਿਚ ਸ਼ੁੱਧ ਮਧਿਅਮ ਤੇ ਪੂਰਵੀ ਅੰਗ ਦੇ ਗਉੜੀ ਵਿਚ ਤੀਵਰ ਮਧਿਅਮ ਦਾ ਪ੍ਰਯੋਗ ਮੰਨਿਆ ਹੈ। ਜਾਤੀ, ਵਾਦੀ-ਸੰਵਾਦੀ ਤੇ ਸਮਾਂ ਵੀ ਦੋਹਾਂ ਸਰੂਪਾਂ ਵਿਚ ਇਕੋ ਹੀ ਮੰਨਿਆ ਹੈ। ਮੰਦਰ ਨਿਸ਼ਾਦ ਤੇ ਵਿਸ਼ੇਸ਼ ਢੰਗ ਨਾਲ ਨਿਆਸ ਕੀਤਾ ਜਾਂਦਾ ਹੈ ਤੇ ਇਹੀ ਪ੍ਰਯੋਗ ਗਉੜੀ ਦੇ ਹੋਰ ਪ੍ਰਕਾਰਾਂ ਵਿਚ ਵੀ ਹੈ। ਸ਼੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਆਪਣੀ ਪੁਸਤਕ 'ਰਾਗ ਵਿਯਾਕਰਨ' ਵਿਚ ਰਾਗ ਗਉੜੀ ਦੇ ਛੇ ਵੱਖ ਵੱਖ ਅੰਗਾਂ ਦਾ ਵਰਨਣ ਕੀਤਾ ਹੈ। ਇਕ ਗਉੜੀ ਸ਼੍ਰੀ ਅੰਗ, ਦੂਜਾ ਪੂਰਵੀ ਅੰਗ, ਤੀਜਾ ਪੂਰੀਆ ਅੰਗ, ਚੌਥਾ ਭੈਰਵ ਅੰਗ ਪੰਜਵਾਂ ਕਾਲਿੰਗੜਾ ਅੰਗ ਤੇ ਛੇਵਾਂ ਪਰਜ ਅੰਗ ਦਾ ਮੰਨਿਆ ਹੈ। ਉਹਨਾਂ ਨੇ ਗਉੜੀ ਪੂਰਵੀ ਅੰਗ ਤੇ ਗਉੜੀ ਪਰਜ ਅੰਗ ਵਿਚ ਰਿਸ਼ਭ, ਧੈਵਤ ਕੋਮਲ ਤੇ ਮਧਿਅਮ ਤੀਵਰ ਦਾ ਪ੍ਰਯੋਗ ਕੀਤਾ ਹੈ, ਪਰ ਪਰਜ ਅੰਗ ਵਿਚ ਅਵਰੋਹ ਵਿਚ ਮਧਿਅਮ ਸ਼ੁੱਧ ਦਾ ਵਕਰ ਪ੍ਰਯੋਗ ਹੈ। ਵਾਦੀ ਤੇ ਸੰਵਾਦੀ ਦੋਹਾਂ ਵਿਚ ਪੰਚਮ ਤੇ ਸ਼ੜਜ ਮੰਨਿਆ ਹੈ ਤੇ ਸਮਾਂ ਵੀ ਦੋਹਾਂ ਦਾ ੪ ਤੋਂ ੫੧/੨ ਸ਼ਾਮ ਦਾ ਮੰਨਿਆ ਹੈ। ਪੂਰਵੀ ਅੰਗ ਦੇ ਗਉੜੀ ਦੀ ਜਾਤੀ ਸ਼ਾੜਵ-ਸੰਪੂਰਨ ਤੇ ਪਰਜ ਅੰਗ ਦੇ ਗਉੜੀ ਦੀ ਜਾਤੀ ਸ਼ਾੜਵ-ਵਕਰ ਸੰਪੂਰਨ ਮੰਨੀ ਹੈ। ਪੂਰਵੀ ਅੰਗ ਵਿਚ ਆਰੋਹ- ਸ ਰੁ ਗ ਮੰ ਪ ਨ ਸਂ ਤੇ ਅਵਰੋਹ- ਸਂ ਨ ਧੁ ਪ ਮੰ ਗ ਰੁ ਸ ਹੈ। ਪਰ ਪਰਜ ਅੰਗ ਦੇ ਗਉੜੀ ਵਿਚ ਆਰੋਹ- ਸ ਗ ਮੰ ਪ ਧੁ ਨ.ਸਂ ਅਵਰੋਹ- ਸਂ ਨ ਧੁ ਪ ਮੰ ਪ ਗ ਰੁ ਸ। ਗਉੜੀ ਸ਼੍ਰੀ ਅੰਗ ਤੇ ਗਉੜੀ ਪੂਰੀਆ ਅੰਗ ਵਿਚ ਰਿਸ਼ਭ ਧੈਵਤ ਕੋਮਲ ਤੇ ਮਧਿਅਮ ਤੀਵਰ ਦਾ ਪ੍ਰਯੋਗ ਹੈ ਪਰ ਸ਼੍ਰੀ ਅੰਗ ਦੇ ਗਉੜੀ ਰਾਗ ਦਾ ਵਾਦੀ-ਸੰਵਾਦੀ ਪੰਚਮ-ਸ਼ੜਜ ਹੈ ਜਾਤੀ ਔੜਵ-ਸ਼ਾੜਵ ਹੈ। ਆਰੋਹ- ਨ਼ ਸ ਰੁ ਮੰ ਪ ਨ ਸਂ ਅਵਰੋਹ- ਰੁਂ ਨ ਧੁ ਪ ਮੰ ਰੁ ਸ ਤੇ ਸਮਾਂ ੪ ਤੋਂ ੫੧/੨ ਸ਼ਾਮ ਹੈ। ਪੂਰੀਆ ਅੰਗ ਦੇ ਗਉੜੀ ਦਾ ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਸ਼ਾੜਵ ਹੈ। ਆਰੋਹ- ਨ਼ ਰੁ ਗ ਮ ਧੁ ਨ ਸਂ ਅਵਰੋਹ- ਰੁਂ ਨ ਧੁ ਮ ਗ ਰੁ ਨ਼ ਰੁ ਸ ਹੈ ਤੇ ਸਮਾਂ ੫੧/੨ ਤੋਂ ੭ ਸ਼ਾਮ ਹੈ। ਗਉੜੀ ਭੈਰਵ ਅੰਗ ਤੇ ਕਾਲਿੰਗੜਾ ਅੰਗ ਵਿਚ ਸਵਰ ਰਿਸ਼ਭ ਧੈਵਤ ਕੋਮਲ ਤੇ ਹੋਰ ਸਭ ਸ਼ੁੱਧ ਹਨ। ਦੋਹਾਂ ਵਿਚ ਵਾਦੀ ਸੰਵਾਦੀ ਪੰਚਮ-ਸ਼ੜਜ ਹਨ ਤੇ ਜਾਤੀ ਵੀ ਔੜਵ-ਵਕਰ ਸੰਪੂਰਨ ਹੈ। ਸਮਾਂ ੪ ਤੋਂ ੫੧/੨ ਸ਼ਾਮ ਹੈ। ਭੈਰਵ ਅੰਗ ਵਿਚ ਆਰੋਹ- ਸ ਰੁ ਮ ਪ ਨ ਸਂ ਅਵਰੋਹ- ਸਂ ਨ ਧੁ ਪ ਮ ਪ ਗ ਰੁ ਸ। ਕਾਲਿੰਗੜਾ ਅੰਗ ਵਿਚ ਆਰੋਹ- ਨ਼ ਸ ਗ ਮ ਪ ਨ ਸਂ। ਅਵਰੋਹ- ਸਂ ਨ ਧੁ ਪ ਧੁ ਮ ਪ ਗ ਰੁ ਸ। ਪੰਡਿਤ ਵਿਣਾਇਕ ਰਾਓ ਨਾਰਾਇਣ ਪਟਵਰਧਨ ਨੇ ਵੀ 'ਰਾਗ ਵਿਗਿਆਨ' ਭਾਗ-੫ ਵਿਚ ਗਉੜੀ ਪੂਰਵੀ ਅੰਗ ਦਾ ਜ਼ਿਕਰ ਕੀਤਾ ਹੈ ਤੇ ਗਉੜੀ ਭੈਰਵ ਅੰਗ ਦਾ ਵਰਨਣ ਦਿੱਤਾ ਹੈ ਜਿਸ ਵਿਚ ਰਿਸ਼ਭ, ਧੈਵਤ ਕੋਮਲ ਬਾਕੀ ਸਵਰ ਸ਼ੁੱਧ ਹਨ ਜਾਤੀ ਵਕਰ-ਸੰਪੂਰਨ, ਵਾਦੀ ਮਧਿਅਮ, ਸੰਵਾਦੀ ਸ਼ੜਜ ਤੇ ਸਮਾਂ ਸ਼ਾਮ ਦਾ ਮੰਨਿਆ ਹੈ। ਆਰੋਹ-ਸ ਰੁ ਗ ਰੁ, ਗ ਗ ਮ ਪ ਮ, ਪ ਧੁ ਨ ਸਂ ਅਵਰੋਹ- ਸਂ ਨ ਧੁ ਮ ਪ, ਧੁ ਮ ਪ ਮ ਰੁ ਗ, ਰੁ ਗ ਰੁ ਨ ਸ ਨ਼, ਸ। ਇਸ ਵਿਚ ਕਾਲਿੰਗੜਾ ਤੇ ਸ਼੍ਰੀ ਰਾਗ ਦੀ ਛਾਇਆ ਬਣੀ ਰਹਿੰਦੀ ਹੈ। ਸ਼੍ਰੀ ਹਰੀਸ਼ ਚੰਦਰ ਸ਼੍ਰੀਵਾਸਤਵ ਨੇ ਰਾਗ ਪਰੀਚੈ ਭਾਗ-੪ ਵਿਚ ਗਉੜੀ ਰਾਗ ਨੂੰ ਭੈਰਵ ਥਾਟ ਦਾ ਹੀ ਰਾਗ ਮੰਨਿਆ ਹੈ। ਰਿਸ਼ਭ, ਧੈਵਤ ਕੋਮਲ ਹੋਰ ਸਭ ਸਵਰ ਸ਼ੁੱਧ ਹਨ। ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ ਤੇ ਜਾਤੀ ਔੜਵ-ਸੰਪੂਰਨ ਹੈ। ਆਰੋਹ- ਸ ਰੁ ਮ ਪ ਨ ਸਂ ਅਵਰੋਹ- ਸਂ ਨ ਧੁ ਪ, ਮ ਗ, ਰੁ ਸ। ਵਾਦੀ ਰਿਸ਼ਭ ਤੇ ਸੰਵਾਦੀ ਪੰਚਮ ਹੈ ਤੇ ਸਮਾ ਸ਼ਾਮ ਦਾ ਹੈ। ਪੂਰਵਾਂਗ ਵਿਚ ਕਾਲਿੰਗੜਾ ਤੇ ਉਤਰਾਂਗ ਵਿਚ ਸ਼੍ਰੀ ਹੈ। ਇਸ ਤੋਂ ਬਿਨਾਂ ਗਉੜੀ ਦੇ ਹੋਰ ਪ੍ਰਕਾਰਾਂ ਜਿਵੇਂ ਗਉੜੀ ਚੇਤੀ, ਲਲਿਤਾ ਗਉੜੀ ਆਦਿ ਦਾ ਵੀ ਸੰਗੀਤ ਗ੍ਰੰਥਕਾਰਾਂ ਨੇ ਵਰਨਣ ਕੀਤਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੪ ਅਨੁਸਾਰ ਗਉੜੀ ਗੁਰਮਤਿ ਸੰਗੀਤ ਵਿਚ ਸਿਰੀ ਰਾਗ ਦੀ ਰਾਗਨੀ ਹੈ ਜੇਹਾ ਕਿ 'ਗਵਰੀ ਗਾਵਹਿ ਆਸਾਵਰੀ'। ਸਿਰੀ ਰਾਗ ਨਾਲ ਪਰਜ ਮਿਲੇ ਤੇ ਗੌੜੀ ਬਣਦੀ ਹੈ। ਪਰੰਤੂ ਹੋਰ ਮਤਾਂ ਵਿਚ ਜੇਹਾ ਕੁ ਰਾਗਾਰਣਵ ਮੱਤ ਵਿਚ ਗੌੜ ਮਾਲਵ ਦੀ ਰਾਗਣੀ ਹੈ, ਸਿਧ ਸਾਰਸੁਤ ਮੱਤ ਵਿਚ ਦੀਪਕ ਦੀ ਰਾਗਣੀ ਹੈ, ਹਨੂਮਾਨ ਅਤੇ ਭਰਤ ਮੱਤ ਵਿਚ ਮਾਲਕੌਂਸ ਦੀ ਰਾਗਣੀ ਮੰਨੀ ਹੈ, ਜੇਹਾ ਕੁ ਜੈਜਾਵੰਤੀ, ਆਸਾਵਰੀ ਸੁਧ ਸੋਰਠ ਮਿਲ ਕੇ ਗੌਰੀ ਹੁੰਦੀ ਹੈ। ਪਰੰਤੂ ਗੁਰਮਤਿ ਸੰਗੀਤ ਵਿਚ ਗਉੜੀ ਦੇ ਮੇਲ ਗਉੜੀ ਪੂਰਬੀ, ਗਉੜੀ ਮਾਲਾ, ਗਉੜੀ

ਮਾਲਵਾ, ਗਉੜੀ ਬੈਰਾਗਣਿ, ਗਉੜੀ ਗੁਆਰੇਰੀ, ਗਉੜੀ ਪੂਰਬੀ ਦੀਪਕੀ, ਗਉੜੀ ਮਾਝ, ਗਉੜੀ ਚੇਤੀ ਆਦਿਕ ਹਨ। ਸ੍ਰੀ ਮਾਨ ਡਾਕਟਰ ਚਰਨ ਸਿੰਘ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੧੯ ਅਨੁਸਾਰ ਸੰਗੀਤ ਰਤਨਾਕਰ ਵਿਚ ਪੰਜ ਗੀਤਾਂ (ਸ਼ੁੱਧਾ ਗੀਤ, ਭਿੰਨਾਂ ਗੀਤ, ਗਉੜੀ ਗੀਤ, ਬੈਸਰਾ ਗੀਤ, ਸਾਧਾਰਣੀ ਗੀਤ) ਵਿਚੋਂ ਤੀਜਾ ਗਉੜੀ ਗੀਤ ਹੈ, ਇਸ ਦੇ ਦੋ ਭੇਦ ਹਨ ਇਕ ਗਉੜੀ, ਦੂਜਾ ਔਹਾਟੀ। ਗਉੜੀ ਗੀਤ ਦਾ ਰੂਪ ਇਉਂ ਲਿਖਿਆ ਹੈ ਜਿਥੇ ਰਾਗ ਦੇ ਸੁਰ ਇਕੋ ਜਿਹੇ ਉਚਾਰਨ ਕਰੀਏ ਅਤੇ ਮਨ ਨੂੰ ਪਿਆਰੇ ਵੀ ਲੱਗਦੇ ਹੋਣ ਮੰਦਰ ਮਧਯ ਤੇ ਤਾਰ ਇਨਾਂ ਤਿਨਾਂ ਜਗ੍ਹਾ ਤੇ ਇਸਥਤੀ ਅਖੰਡਤ ਹੋਵੇ, ਕਿਧਰੋਂ ਟੁੱਟੇ ਨਹੀਂ, ਕੰਨਾ ਨੂੰ ਭਾਂਵਦੀ ਹੋਵੇ ਅਤੇ ਗੌੜਵ ਦੇਸ਼ ਵਿਚ ਪ੍ਰਸਿੱਧ ਵੀ ਹੋਵੇ ਉਸ ਨੂੰ ਗੌੜੀ ਗੀਤ ਕਹਿੰਦੇ ਹਨ। 'ਨਾਦ ਬਿਨੋਦ' ਗ੍ਰੰਥ ਵਿਚ ਗੌਰੀ ਸਿਰੀ ਰਾਗ ਦੀ ਰਾਗਨੀ ਹੈ। 'ਰਾਗ ਮਾਲਾ' ਵਿਚ ਲਿਖਿਆ ਹੈ 'ਗਵਰੀ ਗਾਵਹਿ ਆਸਾਵਰੀ'। 'ਸੁਰ ਤਾਲ ਸਮੂਹ' ਵਿਚ ਇਸ ਦੇ ਦੋ ਭੇਦ ਮੰਨੇ ਹਨ। ਸ਼ੁੱਧ ਗੌਰੀ, ਜੈਤੀ ਗੌਰੀ। ਜੈਜਾਵੰਤੀ, ਆਸਾਵਰੀ ਸ਼ੁੱਧ ਅਤੇ ਸੋਰਠ ਮਿਲ ਕੇ ਗੌਰੀ ਬਣਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਗਉੜੀ ਇਕ ਰਾਗਨੀ ਹੈ, ਪੂਰਬੀ ਠਾਟ ਤੇ ਔੜਵ-ਸ਼ਾੜਵ ਜਾਤੀ ਹੈ। ਇਸ ਵਿਚ ਸ਼੍ਰੀ ਰਾਗ ਦਾ ਅੰਗ ਹੈ। ਆਰੋਹੀ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ ਅਵਰੋਹੀ ਵਿਚ ਗੰਧਾਰ ਵਰਜਿਤ ਹੈ। ਰਿਸ਼ਭ ਵਾਦੀ ਤੇ ਪੰਚਮ ਸੰਵਾਦੀ ਹੈ। ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਵਰ ਸ਼ੁੱਧ ਹਨ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਆਰੋਹ- ਸ ਰੁ ਮੰ ਪ ਨ ਸਂ। ਅਵਰੋਹ- ਸਂ ਨ ਧੁ ਪ ਮੰ ਰੁ ਸ। ਡਾਕਟਰ ਜੀ. ਐਸ. ਮਾਂਨਸੁਖਾਨੀ ਦੇ 'ਇੰਡੀਅਨ ਕਲਾਸੀਕਲ ਮਿਊਜ਼ਕ ਐਂਡ ਸਿਖ ਕੀਰਤਨ' ਅਨੁਸਾਰ ਰਾਗ ਗਉੜੀ ਭੈਰਵ ਥਾਟ ਦਾ ਰਾਗ ਹੈ ਰਿਸ਼ਭ ਤੇ ਧੈਵਤ ਕੋਮਲ ਹੋਰ ਸਵਰ ਸ਼ੁੱਧ ਹਨ ਜਾਤੀ ਔੜਵ-ਸੰਪੂਰਨ ਵਾਦੀ ਰਿਸ਼ਭ ਸੰਵਾਦੀ ਪੰਚਮ ਹੈ। ਆਰੋਹ- ਸ ਰੁ, ਮ, ਪ ਨ ਸਂ ਅਵਰੋਹ- ਸਂ ਨ ਧੁ ਪ ਮ ਗ ਰੁ ਸ, ਨ਼ ਸ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ' ਵੋ.੨, ਪੰਨਾ ੧੭੦ ਅਨੁਸਾਰ ਰਾਗ ਗਉੜੀ ਦਾ ਸਰੂਪ ਭੈਰਵ ਥਾਟ ਦਾ ਔੜਵ-ਸੰਪੂਰਨ ਜਾਤੀ ਵਾਲਾ ਹੀ ਹੈ। ਮੰਦਰ ਨਿਸ਼ਾਦ ਤੇ ਨਿਆਸ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਨੇ ਵੀ ਗਉੜੀ ਦਾ ਸਰੂਪ ਵੱਖ ਵੱਖ ਅੰਗਾਂ ਤੋਂ ਮੰਨਿਆ ਹੈ। 'ਪ੍ਰਾਚੀਨ ਗੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੇ ਗਉੜੀ ਭੈਰਉ ਅੰਗ ਦੇ ਗਉੜੀ ਪੂਰਬੀ ਅੰਗ ਵਿਚ ਪੁਰਾਤਨ ਬੰਦਸ਼ਾਂ ਦਿੱਤੀਆਂ ਹਨ। ਗਉੜੀ ਭੈਰਵ ਅੰਗ ਨੂੰ ਔੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਆਰੋਹ- ਸ ਰੁ ਮ ਪ ਨ ਸਂ ਅਵਰੋਹ- ਸਂ ਨ ਧੁ ਪ ਮ ਗ ਰੁ ਸ ਨ਼ ਸ। ਪੂਰਵੀ ਅੰਗ ਦੇ ਰਾਗ ਗਉੜੀ ਦੀ ਜਾਤੀ ਔੜਵ-ਖੌੜਵ ਮੰਨੀ ਹੈ। ਆਰੋਹ- ਸ ਰੁ ਮੰ ਪ ਨ ਸਂ। ਅਵਰੋਹ- ਸਂ ਨ ਧੁ ਪ ਮੰ ਰੁ ਸ ਨ਼ ਸ। 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ ਨੇ ਗਉੜੀ ਭੈਰਉ ਅੰਗ ਦਾ ਰਾਗ ਮੰਨਿਆ ਹੈ। ਪ੍ਰੋਫੈਸਰ ਤਾਰਾ ਸਿੰਘ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ" ਵਿਚ ਇਕ ਰਾਗ ਗਉੜੀ ਭੈਰਵ ਥਾਟ ਜਾਤੀ ਸੰਪੂਰਨ, ਦੂਜਾ ਭੈਰਵ ਥਾਟ ਜਾਤੀ ਔੜਵ-ਸੰਪੂਰਨ, ਤੀਜਾ ਬਿਲਾਵਲ ਥਾਟ ਤੇ ਚੌਥਾ ਪੂਰਵੀ ਥਾਟ ਦਾ ਜ਼ਿਕਰ ਕੀਤਾ ਹੈ। ਪਰ ਗਉੜੀ ਭੈਰਵ ਥਾਟ ਦਾ ਹੀ ਪਰੀਚੈ ਤੇ ਬੰਦਸ਼ ਦਿੱਤੀ ਹੈ। ਇਸ ਰਾਗ ਦਾ ਸਰੂਪ ਦੂਜੇ ਗ੍ਰੰਥਕਾਰਾਂ ਦੇ ਸਰੂਪ ਨਾਲ ਮਿਲਦਾ ਜੁਲਦਾ ਹੈ। ਉਹਨਾਂ ਨੇ 'ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' ਵਿਚ ਗਉੜੀ ਭੈਰਵ ਮੇਲ, ਗਉੜੀ ਪੂਰਵੀ ਮੇਲ ਤੇ ਪੂਰਵੀ ਮੇਲ (ਸ੍ਰੀ ਰਾਗੁ ਅੰਗ) ਵਿਚ ਬੰਦਸ਼ਾਂ ਦਿੱਤੀਆਂ ਹਨ। ਗਉੜੀ ਭੈਰਵ ਮੇਲ ਆਰੋਹ- ਸ ਰੁ ਗ ਰੁ, ਗ ਮ ਪ ਮ, ਪ ਧੁ ਨ ਸਂ। ਅਵਰੋਹ- ਸਂ ਨ, ਧੁ ਪ, ਧੁ ਪ ਮ, ਰੁ ਗ, ਰ ਗ ਰੁ, ਨ਼ ਸ ਨ਼। ਜਾਤੀ ਵਕਰ ਸੰਪੂਰਨ ਤੇ ਮਧਿਅਮ ਵਾਦੀ ਸ਼ੜਜ ਸੰਵਾਦੀ ਹੈ। ਗਉੜੀ ਪੂਰਵੀ ਮੇਲ ਵਿਚ ਰਿਸ਼ਭ-ਪੰਚਮ ਦਾ ਸੰਵਾਦ, ਜਾਤੀ ਵਕਰ ਸੰਪੂਰਨ ਹੈ। ਆਰੋਹ- ਨ਼ ਰੁ ਗ ਰੁ, ਮੰ ਪ ਧੁ ਪ, ਨ ਸਂ। ਅਵਰੋਹ- ਸਂ ਨ ਧੁ ਪ, ਮ ਗ ਰੁ ਮੰ ਗ ਰੁ, ਸ ਰੁ ਨ਼ ਨ਼ ਸ। ਗਉੜੀ ਪੂਰਵੀ ਮੇਲ (ਸ੍ਰੀ ਰਾਗ ਅੰਗ) ਜਾਤੀ ਔੜਵ-ਸ਼ਾੜਵ ਤੇ ਰਿਸ਼ਭ-ਪੰਚਮ ਦਾ ਸੰਵਾਦ ਹੈ। ਆਰੋਹ- ਸ, ਰੁ ਮੰ ਪ ਨ ਸਂ। ਅਵਰੋਹ- ਸਂ ਨ ਧੁ ਪ, ਮੰ ਰੁ, ਨ਼ ਰੁ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਰਾਗ ਗਉੜੀ ਦੇ ਤਿੰਨ ਸਰੂਪ ਦਿੱਤੇ ਹਨ। ਇਕ ਭੈਰਵ ਥਾਟ ਦੂਜਾ ਬਿਲਾਵਲ ਥਾਟ ਤੇ ਤੀਜਾ ਪੂਰਵੀ ਥਾਟ। ਇਹ ਤਿੰਨੇ ਸਰੂਪ ਪ੍ਰੋਫੈਸਰ ਤਾਰਾ ਸਿੰਘ ਦੇ ਦਿੱਤੇ ਸਰੂਪਾਂ ਨਾਲ ਮਿਲਦੇ ਜੁਲਦੇ ਹਨ। 'ਗੁਰਮਤਿ ਸੰਗੀਤ ਸਾਗਰ' ਭਾਗ-੩ ਦੇ ਕਰਤਾ ਪ੍ਰਿੰਸੀਪਲ ਦਿਆਲ ਸਿੰਘ ਨੇ ਵੀ ਗਉੜੀ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਜਾਤੀ ਵਕਰ ਮਧਿਅਮ ਸੰਵਾਦੀ ਸ਼ੜਜ ਤੇ

ਸਮਾ ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲਾ) ਹੈ। ਆਰੋਹ- ਸ, ਨ ਰੁ ਗ ਮ, ਪ ਧੁ ਨ, ਸਂ। ਅਵਰੋਹ- ਸਂ ਨ ਧੁ ਪ ਮ, ਗ ਰੁ ਸ ਰੁ ਨ਼, ਸ। 'ਸੁਰ ਸਿਮਰਨ ਸੰਗੀਤ' ਦੇ ਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਗਉੜੀ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ। ਰਿਸ਼ਭ ਧੈਵਤ ਕੋਮਲ ਬਾਕੀ ਸਵਰ ਸ਼ੁੱਧ ਹਨ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਵਕਰ ਸੰਪੂਰਨ ਤੇ ਸਮਾ ਸੰਧਿਆ ਕਾਲ ਹੈ। ਆਰੋਹ- ਸ ਰੁ ਗ ਰੁ, ਗ ਗ, ਮ ਪ ਮ, ਪ ਧੁ ਨ ਸਂ। ਅਵਰੋਹ- ਸਂ ਨ ਧੁ ਮ ਪ, ਧੁ, ਮ ਪ ਮ, ਰੁ ਗ ਰੁ ਗ, ਨ਼, ਸ ਨ਼ - ਸ। 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਜਵੱਦੀ ਟਕਸਾਲ ਵਿਚ ਵੀ ਗਉੜੀ ਭੈਰਵ ਅੰਗ ਨੂੰ ਹੀ ਪ੍ਰਵਾਨਿਤ ਕੀਤਾ ਹੈ ਤੇ ਇਸ ਵਿਚ ਸ਼ਬਦ ਬੰਦਸ਼ਾਂ ਹਨ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਗਉੜੀ ਦੇ ਇਸ ਪਰੰਪਰਾਗਤ ਸਰੂਪ ਨੂੰ ਨਿਸ਼ਚਿਤ ਰੂਪ ਵਿਚ ਪ੍ਰਵਾਨਿਤ ਮੰਨ ਕੇ ਇਥੇ ਦਿੱਤਾ ਜਾ ਰਿਹਾ ਹੈ।

ਗੁਰਮਤਿ ਸੰਗੀਤ ਵਿਚ ਪ੍ਰਚਲਿਤ ਰਾਗੁ ਗਉੜੀ ਜ਼ਿਆਦਾ ਕਰਕੇ ਭੈਰਵ ਥਾਟ ਦਾ ਹੀ ਮੰਨਿਆ ਗਿਆ ਹੈ। ਗੁਣੀ ਜਨ ਇਸ ਨੂੰ ਰਾਗ ਕਾਲਿੰਗੜਾ ਤੇ ਸਿਰੀ ਰਾਗ ਦਾ ਮਿਸ਼ਰਨ ਵੀ ਮੰਨਦੇ ਹਨ। ਕਈ ਇਸ ਨੂੰ ਪੂਰਵਾਂਗ ਵਿਚ ਕਾਲਿੰਗੜਾ ਤੇ ਉਤਰਾਂਗ ਵਿਚ ਪਰਜ ਇਨਾਂ ਰਾਗਾਂ ਦਾ ਮਿਸ਼ਰਨ ਮੰਨਦੇ ਹਨ। ਕਈ ਗੁਣੀ ਜਨ ਇਸ ਨੂੰ ਸ਼ਾਮ ਦਾ ਭੈਰਉ ਵੀ ਕਹਿੰਦੇ ਹਨ। ਭਾਈ ਗੁਰਦਾਸ ਜੀ ਵਾਰ-੩੪ ਪਉੜੀ-੯ ਵਿਚ ਲਿਖਦੇ ਹਨ 'ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ'। ਸੋ ਭੈਰਉ ਤੇ ਗਉੜੀ ਨੇੜੇ ਦੇ ਰਾਗ ਹੀ ਹੋ ਸਕਦੇ ਹਨ। ਗਉੜੀ ਰਾਗ ਦੀ ਜਾਤੀ ਬਾਰੇ ਵੀ ਵੱਖ ਵੱਖ ਵਿਚਾਰ ਹਨ। ਕਈ ਇਸਦੀ ਜਾਤੀ ਵਕਰ-ਸੰਪੂਰਨ, ਕਈ ਸ਼ਾੜਵ-ਸੰਪੂਰਨ ਤੇ ਬਹੁਮੱਤ ਔੜਵ-ਸੰਪੂਰਨ ਮੰਨਦੇ ਹਨ। ਔੜਵ-ਸੰਪੂਰਨ ਜਾਤੀ ਵਾਲਾ ਗਉੜੀ ਰਾਗ ਹੀ ਜ਼ਿਆਦਾ ਪ੍ਰਚਾਰ ਵਿਚ ਹੈ। ਇਹ ਰਾਗ ਜ਼ਿਆਦਾ ਕਰਕੇ ਮੱਧ ਤੇ ਮੰਦਰ ਸਪਤਕ ਵਿਚ ਹੀ ਗਾਇਆ ਵਜਾਇਆ ਜਾਂਦਾ ਹੈ। ਗਉੜੀ ਵਿਚ ਆਮ ਕਰਕੇ ਮੰਦਰ ਨਿਸ਼ਾਦ ਤੇ ਹੀ ਠਹਿਰਾਓ ਕੀਤਾ ਜਾਂਦਾ ਹੈ। ਰੁ ਗ ਰੁ ਸ ਨ਼ ਧੁ ਨ਼, ਸ ਰ, ਨ਼ ਸ ਨ਼ ਸਵਰ ਸੰਗਤੀਆਂ ਗਉੜੀ ਰਾਗ ਦਾ ਹੀ ਪ੍ਰਤੀਕ ਹਨ ਜਿਸਦੇ ਪ੍ਰਯੋਗ ਨਾਲ ਇਹ ਰਾਗ ਭੈਰਉ, ਕਾਲਿੰਗੜਾ ਤੇ ਸਿਰੀ ਰਾਗ ਤੋਂ ਵੱਖ ਹੋ ਜਾਂਦਾ ਹੈ। ਪੂਰਵਾਂਗ ਵਿਚ ਸ ਰੁ ਗ ਰੁ, ਮ ਪ ਮ ਗ, ਰੁ ਗ ਰੁ ਸ ਨ਼। ਉਤਰਾਂਗ ਵਿਚ ਵੀ ਮ ਧੁ ਪ, ਧੁ ਪ ਮ ਪ, ਮ ਪ ਨ ਸਂ, ਨ ਧੁ ਨ, ਧੁ ਪ ਧੁ ਮ ਪ, ਨ ਧੁ ਪ ਮ ਪ, ਧੁ ਪ ਮ ਪ ਸਵਰਾਂ ਦਾ ਪ੍ਰਯੋਗ ਗਉੜੀ ਨੂੰ ਦੂਜੇ ਰਾਗਾਂ ਤੋਂ ਵੱਖ ਕਰ ਦਿੰਦਾ ਹੈ।

ਸ਼ਬਦ ਤਰਤੀਬ:-

"ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ" (ਸਲੋਕ ਮਹਲਾ ੩) (੩੧੧)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ ਤਰਤੀਬ ਵਿਚ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ ਹੈ ਤੇ ਇਹ ਬਾਣੀ ਪੰਨਾ ੧੫੧ ਤੋਂ ੩੪੬ ਤੱਕ ਹੈ। ਇਸ ਰਾਗੁ ਵਿਚ ਦੂਜੇ ਸਾਰੇ ਰਾਗਾਂ ਤੋਂ ਵੱਧ ਬਾਣੀ ਦੀ ਰਚਨਾ ਹੈ। ਗਉੜੀ ਬਾਵਨ ਅਖਰੀ ਮਹਲਾ ੫, ਗਉੜੀ ਸੁਖਮਨੀ ਮ:੫, ਥਿਤੀ ਗਉੜੀ ਮਹਲਾ ੫, ਗਉੜੀ ਕੀ ਵਾਰ ਮਹਲਾ ੪ ਤੇ ਗਉੜੀ ਕੀ ਵਾਰ ਮਹਲਾ ੫ ਇਹ ਰਚਨਾਵਾਂ ਇਸ ਰਾਗ ਵਿਚ ਹੀ ਹਨ। ਸ਼ਬਦ ਤਰਤੀਬ ਵਿਚ ਮ: ੧ ਦੇ ੪੦, ਮ: ੩ ਦੇ ੩੨, ਮ: ੪ ਦੇ ੩੪, ਮ: ੫ ਦੇ ੧੯੧ ਤੇ ਮ: ੯ ਦੇ ੯, ਕੁਲ ੩੦੬ ਸ਼ਬਦ ਜੋ ੧੫੧ ਤੋਂ ੨੪੯ ਪੰਨਾ ਤੱਕ ਹਨ। ਇਸ ਤੋਂ ਬਿਨਾਂ ੨੫੦ ਤੋਂ ੨੬੨ ਪੰਨੇ ਤੱਕ ਗਉੜੀ ਬਾਵਨ ਅਖਰੀ ਮ: ੫ ਦੇ ੫੫ ਪਉੜੀਆਂ ਨਾਲ ੫੫ ਸਲੋਕ ਹਨ। ਪੰਨਾ ੨੬੨ ਤੋਂ ੨੯੬ ਤੱਕ ਗਉੜੀ ਸੁਖਮਨੀ ਮ: ੫ ਦੇ ੨੪ ਸਲੋਕ ਤੇ ੨੪ ਅਸਟਪਦੀਆਂ ਤੇ ਪੰਨਾ ੩੦੦ ਤੱਕ ਥਿਤੀ ਗਉੜੀ ਮ: ੫ ਦੇ ੧੭ ਪਉੜੀਆਂ ਨਾਲ ੧੭ ਸਲੋਕ ਹਨ। ਪੰਨਾ ੩੦੦ ਤੋਂ ੩੧੮ ਤੱਕ ਗਉੜੀ ਕੀ ਵਾਰ ਮਹਲਾ ੪ ਦੀਆਂ ੩੩ ਪਉੜੀਆਂ ਹਨ। ਪਹਿਲੀਆਂ ੨੬ ਪਉੜੀਆਂ ਮ: ੪ ਦੀਆਂ ਹਨ। ਪਉੜੀ ਨੰ. ੨੭ ਤੋਂ ੩੧ ਤੱਕ ਪੰਜ ਪਉੜੀਆਂ ਮ: ੫ ਦੀਆਂ ਹਨ ਤੇ ਆਖਰੀ ਦੋ ਪਉੜੀਆਂ ਮ: ੪ ਦੀਆਂ ਹਨ। ਸੋ ੨੮ ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਤੇ ੫ ਪਉੜੀਆਂ ਗੁਰੂ ਅਰਜਨ ਦੇਵ ਜੀ ਦੀਆਂ ਹਨ। ਪਉੜੀ ਨੰ. ੧੫ ਤੇ ੨੦ ਇਨਾਂ ਦੋਹਾਂ ਪਉੜੀਆਂ ਨਾਲ ਤਿੰਨ ਤਿੰਨ ਸਲੋਕ ਹਨ ਹੋਰ ਦੂਜੀਆਂ ੩੧ ਪਉੜੀਆਂ ਨਾਲ ਦੋ ਦੋ ਸਲੋਕ ਕੁਲ ੬੮ ਸਲੋਕ ਹਨ। ਇਨ੍ਹਾਂ ਵਿਚੋਂ ਮ: ੪ ਦੇ ੫੩, ਮ: ੩ ਦੇ ੭ ਤੇ ਮ: ੫ ਦੇ ੮ ਸਲੋਕ ਹਨ। ਪੰਨਾ ੩੧੮ ਤੋਂ ੩੨੩ ਤੱਕ ਗਉੜੀ ਕੀ ਵਾਰ ਮ: ੫ ਦੇ ੨੧ ਪਉੜੀਆਂ ਨਾਲ ਮ: ੫ ਦੇ ਹੀ ਦੋ ਦੋ ਸਲੋਕ ਹਰ ਪਉੜੀ ਨਾਲ ਤੇ ਕੁੱਲ ੪੨ ਸਲੋਕ ਹਨ। ਭਗਤਾਂ ਦੀ ਬਾਣੀ ੩੨੩ ਤੋਂ ੩੪੬ ਪੰਨਾ ਤੱਕ ਹੈ। ਭਗਤ ਕਬੀਰ ਜੀ ਦੇ ੩੪੦ ਪੰਨਾ ਤੱਕ ੭੪ ਸ਼ਬਦ ਹਨ। ਪੰਨਾ ੩੪੩ ਤੱਕ 'ਰਾਗ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ', ੩੪੪ ਤੱਕ 'ਰਾਗੁ

ਗਉੜੀ ਥਿਤੀ ਕਬੀਰ ਜੀ ਕੀ' ਤੇ ੩੪੫ ਤੱਕ 'ਰਾਗ ਗਉੜੀ ਵਾਰ ਕਬੀਰ ਜੀਉ ਕੇ ੭' ਹੈ। ੩੪੫ ਪੰਨੇ ਤੇ ਹੀ ਨਾਮਦੇਉ ਜੀ ਦਾ ਇਕ ਸ਼ਬਦ ਤੇ ੩੪੬ ਪੰਨੇ ਤੱਕ ਭਗਤ ਰਵਿਦਾਸ ਜੀ ਦੇ ੫ ਸ਼ਬਦ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਗਉੜੀ ਦੇ ੧੧ ਹੋਰ ਵੱਖ ਵੱਖ ਪ੍ਰਕਾਰਾਂ ਵਿਚ ਬਾਣੀ ਰਚੀ ਗਈ ਹੈ। ਇਹ ਪ੍ਰਕਾਰ ਹਨ ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ (ਸੋਹਿਲਾ ਦੇ ਸਿਰਲੇਖ ਹੇਠ) ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ ਤੇ ਗਉੜੀ ਭੀ ਸੋਰਠਿ ਭੀ।

ਪਰੀਚੈ:-

ਰਾਗੁ-ਗਉੜੀ (ਭੈਰਵ ਅੰਗ) ਥਾਟ-ਭੈਰਵ

ਵਰਜਿਤ ਸਵਰ-ਆਰੋਹ ਵਿਚ ਗੰਧਾਰ ਤੇ ਧੈਵਤ

ਵਾਦੀ-ਰਿਸ਼ਭ      ਸੰਵਾਦੀ-ਪੰਚਮ

ਸਵਰ-ਰਿਸ਼ਭ, ਧੈਵਤ ਕੋਮਲ, ਹੋਰ ਸਭ ਸ਼ੁੱਧ

ਜਾਤੀ - ਔੜਵ-ਸੰਪੂਰਨ

ਸਮਾਂ - ਸ਼ਾਮ, (ਦਿਨ ਦਾ ਅੰਤਮ ਪਹਿਰ)

ਅਵਰੋਹ ਸਂ ਨ ਧੁ ਪ, ਮ ਗ ਰੁ ਸ ਨ਼, ਸ

ਮੁੱਖ ਅੰਗ (ਪਕੜ) ਮ ਧੁ ਪ, ਧੁ ਮ ਪ ਮ ਗ, ਰੁ ਗ ਰੁ ਸ ਨ਼ ਸ।

ਸਵਰ-ਵਿਸਥਾਰ (ਅਲਾਪ) :-

ਸ, ਨ਼ ਸ ਰੁ, ਰੁ ਗ ਰੁ ਸ ਨ਼, ਸ ਰੁ ਰੁ ਗ ਰੁ, ਰੁ ਗ ਰੁ ਨ਼ ਸ, ਨ਼ ਧੁ ਨ਼, ਸ ਰੁ ਸ ਨ਼ ਸ, ਨ਼ ਧੁ ਨ਼ ਧੁ ਪ, ਨ਼ ਧੁ ਪ, ਮ ਪ ਨ਼ ਸ, ਪ ਨ਼ ਸ ਰੁ ਸ, ਸ ਰੁ ੜ ਸ ਰੁ, ਰੁ ਗ ਰੁ, ਮ ਗ ਰੁ, ਸ ਰੁ ਗ ਰੁ, ਮ ਗ ਰੁ ਗ ਰੁ, ਮ ਗ ਰੁ, ਮ ਪ ਧੁ ਪ, ਪ ਧੁ ਮ ਪ ਮ ਗ, ਰੁ ਗ ਰੁ, ਰੁ ਗ ਰੁ ਸ, ਨ਼ ਸ।

ਸ ਰੁ ਗ ਰੁ, ਸ ਰੁ ਮ, ਮ ਪ ਮ, ਮ ਪ ਮ ਧੁ ਪ, ਪ ਧੁ ਮ ਪ, ਮ ਪ ਨ ਧੁ ਪ, ਮ ਪ ਨ ਸਂ ਨ ਧੁ ਪ, ਮ ਪ ਧੁ ਪ, ਧੁ ਪ ਮ ਪ, ਪ ਧੁ ਪ ਮ, ਮ ਪ ਮ ਗ ਰੁ, ਰੁ ਮ ਗ ਰੁ, ਰੁ ਗ ਰੁ, ਰੁ ਗ ਰੁ ਸ ਨ਼, ਸ ਰੁ ਸ ਨ਼ ਸ।

ਸ ਰੁ ਗ ਰੁ ਮ, ਮ ਪ ਮ, ਮ ਪ ਧੁ ਪ, ਨ ਧੁ ਪ, ਪ ਨ ਸਂ ਨ ਧੁ ਪ, ਪ ਨ ਸਂ, ਨ ਸਂ ਨ, ਸਂ ਰੁਂ ਨ ਸਂ, ਰੁਂ ਰੁਂ ਨ ਸਂ, ਨ ਨ ਧੁ ਪ, ਸਂ ਨ ਧੁ ਪ, ਨ ਧੁ ਪ, ਨ ਧੁ ਪ ਧੁ ਮ ਪ, ਧੁ ਪ ਮ ਪ ਮ ਗ, ਮ ਗ ਰੁ, ਰੁ ਗ ਰੁ ਸ ਨ਼, ਸ ਰੁ ਨ਼ ਸ।

# Percussion Instruments: Jori

Dr. B. S. Rattan, Bhai Baldeep Singh (*Courtesy* : Jori An Album, Anad Records Pvt. Ltd., C-43, Nizamuddin East, New Delhi 110 013)

## Jori: A Historical Overview

Musical analyses of extant compositions (*shabad-reets*), traditionally used in gurbani kirtan (the devotional singing among the Sikhs), underline the fact that the accompanying percussion instrument was always *mridang/pakhawaj.* Clear statements in the bani of Guru Nanak[1] (1469-1539 A.D.) and Guru Arjan Dev[2] (1563-1609 AD,), and iteration of the fact in the odes of Bhai Gurdas[3] (16th century); leave no room for any doubt in this respect.

Pakhawaj is a drum shaped instrument that is kept in horizontal position while playing its two-side leather membranes, namely the left *(bayan)* and the right *(dayan),* are tuned to the lower and middle octaves respectively. The creation of its modified version, called *jori*, is attributed by Sikh history and religious lore to Guru Arjan. In *jori* (literally 'a couple'), *bayan* and *dayan* are identified as *dhamma* and *puda*. Also these are shaped like two separate drums kept vertically on the floor for playing. *Puda* stands slightly shorter than *dhamma,* which may be up to fourteen inches in height. Crafted in wood and weighing around 16 kilograms, the *jori* is heavier than its ancestor, the *pakhawaj.* It is mostly tuned in the lower octave using wheat dough paste on the playing surface of *dhamma* to produce deeper bass sound. The emerging resonance also lingers longer. The upright placing of the jori gave more room to the playing hands of the percussionist. It helped achieve far greater range of modulations. From this developed a style that was at once sonorous and subtle, vigorous and delicate It not only corresponded to the bhakti bhav (devotional nuances of the singer) but also reinterpreted the same in rhythmic patterns.

## Amritsari-Baaj

The new mode of percussive accompaniment on jori became a coherent discipline under the care of Sikh *gurus*. It began to be identified as *Amritsari- baaj* as the city of Amritsar had become the main center of learning among the Sikhs with the installation *(prakash)* of pothi sahib *(adi-granth)* at Darbar Sahib in 1604.

Percussive support on jori became a special feature of *gurbani kirtan*. In Amritsari-baaj were subsumed and preserved all the elements that had been discovered or invented as appropriate for the music of the soul (margi sangeet).

In course of time the entire system (*silsila)* of *saath* and *jat* on *pakhawaj*, *gat* on *tabla,* and all the three variants[4] on *jori* together established a distinct percussive profile in the realm of music. *Amritsari-baaj* was the umbrella term that covered it all.

**Jori and Dhrupad**

Originally, the most comprehensive vocal musical structure called *dhrupad* had a corresponding percussive system accompanying it. The structural correspondence between the two created a symbiotic relationship at the level of resonance (*dhvani*).

*Asthai*, *antara*, *sanchari* and *abhog* of a *dhrupad* composition are paralleled by the *ched*[5], *dugan*[6], *aar*[7], *tigan*[8] and *mukaa*[9] played on *pakhawaj / jori.*

The Mughal patronage of Indian classical music, inadvertently, led to the dilution of text, rhythmic structures and musical embellishments that constituted *dhrupad* tradition. The original sense of the sacred that went with music was supplanted by the courtly needs of the royalty.

The timeless spiritual ideals of music became hazy in courtly conclaves. The congregational ambience of *gurbani kirtan*, however, ensured that the original tradition of singing in *dhrupad* mode with the accompaniment of *jori/pakhawaj* continued uninterrupted.

The Sikh Gurus did not deviate from the divine values of the margi sangeet. The dhrupad genre remained intact in gurbani kirtan. The Sikh held fast their musical heritage despite the great struggle for survival in the 18th century. An unfortunate rupture occurred in 1947.

For over 50 years now our intangible oral heritage has suffered erosion.

Jori - its art and craft - is no more a part of the collective conscience of the Sikhs.

**Bhai Baldeep Singh**

Bhai Baldeep Singh was born into a

Sikh family deeply involved with the Sikh spiritual tradition of *gurbani kirtan*. He became a restless seeker of the invaluably rich musical heritage nurtured by the Gurus. The loss of sense of the significant in music on the part of the Sikhs became a matter of great concern for him. He began patiently searching for masters in whom this sensibility was still alive. Even the infrastructure and the making of traditional musical instruments that made up the musical heritage that he wanted to relive, had to be created all over again.

His mentors for the *dhrupad* genre have been his granduncles, Bhai Avtar Singh and Bhai Gurcharan Singh, 11th generation singers of *gurbani*, Ustad Rahim Fahimuddin Dagar, a 19th generation scion of the *Dagar-vani*, and Ustad M. Hafiz Khan, the 134th exponent of the *Khandar-vani.*

Bhai Baldeep Singh is today the 13th generation exponent of *kirtan maryada*. He has assimilated the highly evolved and complex heritage of *shabad-reets* from Bhai Gurcharan Singh and Bhai Avtar Singh. Bibi Jaswant Kaur and Maharaj Bir Singh Namdhari have also initiated him into some of the rare compositions preserved by legendary masters like Bhai Tabba.

**Jori Exponent**

From Bhai Arjan Singh 'Tarangar' (1900-1995 A.D.), one of the greatest exponents of the art, Bhai Baldeep Singh learnt the system (*silsila*) of *jori* and *pakhawaj/mridang* playing known as *Amritsari-baaj.*

Today, he is the prime exponent (*khalifa*) of this Punjab gharana of classical percussion.

For his percussion related research, Bhai Baldeep Singh has interacted with the exponents of various traditions. Ustad Gyani Darshan Singh, Pandit Shankarrao Shindey Bua Appegaonkar, Bhai Narinder Singh, Pandit Laxmi Narayan Pawar, Pandit Gopal Das, Pandit Bal Krishan Sharma, Bhai Mohinder Singh, Bhai Balbir Singh and Ustad Altaf Hussain of Lahore constituted his peer group. From the *Bhramari-kathak* exponent Budhadeb Chattopadhayaya, Bhai Baldeep Singh received insights into the usage of *pakhawaj* even in *kathak*.

Bhai Baldeep Singh is known for the purity of his rendition (*nikaas*) and his adherence to the grammar of the ancient percussive poetry, which is but rarely heard.

> *"While the school of percussion he represents is very old, Bhai Baldeep Singh brings to bear on it a very contemporary mind, which is sensitive to the eternal values of ancient music systems. His feel for string instruments and very special ability to craft instruments himself, gives his percussion playing a special tonal musicality".*
>
> \- LEELA VENKATRAMAN, *THE HINDU*

**In the service of the tradition**

The following are the names of some of the exponents of this percussion tradition from 16th century onwards.

Bhai Babak, the pakhawaj teacher of the 9th Sikh Guru, Guru Teg Bahadur (1621-1674 A.D.)

19th - 20th century:

Baba Maiya Singh (son of Bhai Mansa Singh of Maharaj Ranjit Singh's court) and his four illustrious sons: Ustad Bhai Bhoop Singh, Bhai Gurdit Singh, Bhai Deva Singh and Bhai Shaam Singh.

Baba Karta Singh.

Ustad Baba Harnam Singh of Jammu and his legendary son Bhai Partap Singh.

Bhai Mehtab Singh.

Bhai Harnam Singh of Thatha Tibba, Bhai Chirag, Bhai Arjan Singh Tarangar, Bhai Sundar, Bhai Santoo, Bhai Rattan Singh of Tarn Taran, Bhai Ishar Singh, Bhai Rakha, Bhai Fakira, Bhai Naseera, Bhai Nihal Singh, Ustad Bahadur Singh, Bhai Mohinder Singh and Bhai Rattan Singh.

Maharaj Bir Singh Namdhari at Sirsa, Bhai Gaam in Lahore and Bhai Bhajan Lal in Amritsar are our elders today.

# ਸੁਰ ਲਿਪੀ

ਡਾ. ਜਾਗੀਰ ਸਿੰਘ : 422, ਸੈਕਟਰ 15-ਏ, ਚੰਡੀਗੜ੍ਹ

*ਰਾਗੁ ਆਸਾ*

**ਵਾਦੀ ਸੰਵਾਦੀ:** ਮਧਿਅਮ-ਸ਼ੜਜ **ਥਾਟ:** ਬਿਲਾਵਲ **ਸਮਾਂ:** ਸਵੇਰ ਤੇ ਸ਼ਾਮ **ਜਾਤੀ:** ਔੜਵ-ਸੰਪੂਰਨ

**ਆਰੋਹ:** ਸ ਰੇ ਮ, ਪ, ਧ, ਸਂ। **ਅਵਰੋਹ:** ਸਂ ਨੀ ਧ ਪ, ਮ, ਗ ਰੇ ਸ ਰੇ ਗ ਸ।

**ਮੁਖ ਅੰਗ:** ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ।

**ਸੁਰ ਵਿਸਤਾਰ:** 1. ਰੇ ਮ, ਪ, ਧ ਸਂ, ਨ਼ੀ ਧ਼ ਪ਼, ਪ਼ ਧ਼ ਨ਼ੀ ਧ਼, ਪ਼ ਧ਼ ਸ, ਸ ਰੇ ਗ ਰੇ ਗ ਸ, ਸ ਰੇ ਮ, ਸ ਰੇ ਮ, ਮ ਪ, ਪ ਧ ਪ ਮ, ਗ ਰੇ ਗ ਸ।

2. ਰ ਮੇ, ਮ ਪ ਧ ਪ ਮ, ਪ ਧ ਨੀ ਧ ਪ, ਮ ਪ ਧ, ਪ ਧ ਸਂ, ਸਂ ਰੇਂ ਸਂ, ਸਂ ਰੇਂ ਗਂ ਰੇਂ ਗਂ ਸਂ, ਸਂ ਰੇਂ ਸਂ, ਗਂ ਰੇਂ ਗਂ ਸਂ, ਸਂ ਰੇਂ ਸਂ ਨੀ ਧ, ਪ ਧ ਸਂ ਨੀ ਧ ਪ, ਮ, ਪ ਮ ਗ, ਸ ਰੇ ਗ ਸ।

**ਛੋਟਾ ਤਿੰਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਸਥਾਈ** | | | | | | | | | ਪ | -ਪ | - | - | ਪਧ | -ਪ | -ਧ |
| | | | | | | | | | *ਰ* | *ऽਤੇ* | *ऽ* | *ऽ* | *ਇਸ* | *ऽਕ* | *ऽਖੁ* |
| ਸਂ | - | - | - | ਸਂਨੀ | ਸਂਨੀ | ਧਪ | ਮ | - | ਪ | ਪ | ਮ | ਪ | ਧ | - | ਪ |
| *ਦਾ* | *ऽ* | *ऽ* | *ऽ* | *ਇऽ* | *ऽऽ* | *ऽऽ* | *ऽ* | *ऽ* | *ਰੰ* | *ਗਿ* | *ਦੀ* | *ਦਾ* | *ऽ* | *ऽ* | *ਰ* |
| (ਮ) | - | - | - | ਗ | - | ਸਰੇ | ਸ | - | ਰੇ | ਰੇ | ਰੇ | ਮ | - | ਮ | ਮ |
| *ਕੇ* | *ऽ* | *ऽ* | *ऽ* | *ऽ* | *ऽ* | *ऽऽ* | *ऽ* | *ऽ* | *ਵਿ* | *ਸ* | *ਰਿ* | *ਆ* | *ऽ* | *ਜਿ* | *ਨ* |
| ਪ | - | - | - | ਪ | - | - | - | - | ਪ | ਪ | ਪ | - | ਧ | -ਪ | -ਧ |
| *ਨਾ* | *ऽ* | *ऽ* | *ऽ* | *ਮੁ* | *ऽ* | *ऽ* | *ऽ* | *ऽ* | *ਤੇ* | *ਭੁ* | *ਇ* | *ऽ* | *ਭਾ* | *ऽਰੁ* | *ऽਥੀ* |
| ਸਂ | - | - | - | ਸਂਨੀ | ਧਨੀ | ਧਪ | ਮ | | | | | | | | |
| *ਏ* | *ऽ* | *ऽ* | *ऽ* | *ऽऽ* | *ऽऽ* | *ऽऽ* | *ऽ* | | | | | | | | |
| **ਅੰਤਰਾ** | | | | | | | | - | ਪ | ਪ | ਪ | ਧ | - | ਪ | ਧ |
| | | | | | | | | *ऽ* | *ਦਿ* | *ਲਹੁ* | *ਮੁ* | *ਹ* | *ऽ* | *ਬ* | *ਤਿ* |
| ਸਂ | - | - | - | ਸਂ | - | - | - | ਰੇਂ | - | ਰੇਂ | - | - | ਸਂ | - | ਰੇਂ |
| *ਜਿੰ* | *ऽ* | *ऽ* | *ऽ* | *ਨੁ* | *ऽ* | *ऽ* | *ऽ* | *ਸੇ* | *ऽ* | *ਈ* | *ऽ* | *ऽ* | *ਸ* | *ऽ* | *ਚਿ* |
| ਸਂ | - | - | - | ਸਂਨੀ | ਧਨੀ | ਧਪ | ਮ | - | ਪਪ | ਪ | ਪ | ਧ | ਧ | ਪ | ਧ |
| *ਆ* | *ऽ* | *ऽ* | *ऽ* | *ऽऽ* | *ऽऽ* | *ऽऽ* | *ऽ* | *ऽ* | *ਜਿਨ* | *ਮ* | *ਨਿ* | *ਹੋ* | *ਰੁ* | *ਮੁ* | *ਖਿ* |
| ਸਂ | - | - | - | ਸਂ | - | - | - | - | ਰੇਂ | ਰੇਂ | ਰੇਂ | - | ਸਂ | - | ਰੇਂ |
| *ਹੋ* | *ऽ* | *ऽ* | *ऽ* | *ਰੁ* | *ऽ* | *ऽ* | *ऽ* | *ऽ* | *ਸੇ* | *ਕਾਂ* | *ਢੇ* | *ऽ* | *ਕ* | *ऽ* | *ਚਿ* |
| ਸਂ | - | - | - | ਸਂਨੀ | ਧਨੀ | ਧਪ | ਮ | | | | | | | | |
| *ਆ* | *ऽ* | *ऽ* | *ऽ* | *ऽऽ* | *ऽऽ* | *ऽऽ* | *ऽ* | | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਆਸਾ ॥<br>ਸੇਖ ਫਰੀਦ ਜੀਉ ਕੀ ਬਾਣੀ ॥ | **Asa. Hyms of Venerable Sheikh Farid.** | ਆਸਾ ਸ਼ਬਦ ਪੂਜਯ<br>ਸ਼ੇਖ ਫ਼ਰੀਦ ਜੀ। |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥ | They alone, who have heart felt love for the Lord are the true persons. | ਕੇਵਲ ਉਹੀ ਸਚੇ ਪੁਰਸ਼ ਹਨ, ਜਿਨ੍ਹਾਂ ਦਾ ਸਾਹਿਬ ਨਾਲ ਦਿਲੀ ਪ੍ਰੇਮ ਹੈ। |
| ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ | They who have one thing in their heart and another in their mouth are accounted false. | ਜਿਨ੍ਹਾਂ ਦੇ ਦਿਲ ਵਿਚ ਇਕ ਗਲ ਹੈ ਅਤੇ ਮੂੰਹ ਵਿਚ ਹੋਰਸੁ ਕੋਈ, ਉਹ ਕੂੜੇ ਕਹੇ ਜਾਂਦੇ ਹਨ। |
| ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ | They, who are imbued with Lord's love, remain delighted with His sifht. | ਜੋ ਪ੍ਰਭੂ ਦੇ ਪ੍ਰੇਮ ਨਾਲ ਰੰਗੀਜੇ ਹਨ, ਉਹ ਉਸ ਦੇ ਦਰਸ਼ਨ ਨਾਲ ਪ੍ਰਸੰਨ ਵਿਚਰਦੇ ਹਨ। |
| ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥੧॥ | They, who forget God's Name, become a burden on the earth. | ਜੋ ਵਾਹਿਗੁਰੂ ਦੇ ਨਾਮ ਨੂੰ ਭੁਲਾਉਂਦੇ ਹਨ, ਉਹ ਧਰਤੀ ਉਤੇ ਇਕ ਬੋਝ ਹੋ ਜਾਂਦੇ ਹਨ। |
| ਰਹਾਉ ॥ | Pause. | ਠਹਿਰਾਉ। |
| ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ | They, whom the Lord attaches to his skirt, are the real beggars at His gate. | ਜਿਨ੍ਹਾਂ ਨੂੰ ਪ੍ਰਭੂ ਆਪਣੇ ਪੱਲੇ ਨਾਲ ਜੋੜ ਲੈਂਦਾ ਹੈ, ਉਹੀ ਉਸ ਦੇ ਦਰਵਾਜੇ ਦੇ ਅਸਲੀ ਮੰਗਤੇ ਹਨ। |
| ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ | Blest are the mothers who bore them. Profitable is their advent in this world. | ਮੁਬਾਰਕ ਹਨ, ਉਹ ਮਾਤਾਵਾਂ, ਜਿਨ੍ਹਾਂ ਨੇ ਉਨ੍ਹਾਂ ਨੂੰ ਜਨਮ ਦਿੱਤਾ ਹੈ। ਲਾਭਦਾਇਕ ਹੈ ਉਨ੍ਹਾਂ ਦਾ ਆਗਮਨ ਇਸ ਜਹਾਨ ਵਿਚ। |
| ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ | O my cherisher, Thou art Illimitable, Inaccessible and Infinite. | ਹੇ ਮੈਂਡੇ ਪਾਲਣ-ਪੋਸਣਹਾਰ! ਤੂੰ ਬੇਹੱਦ, ਪਹੁੰਚ ਤੋਂ ਪਰੇ ਅਤੇ ਅਨੰਤ ਹੈਂ। |
| ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥ | They, who recognise the True Lord; their feet, I kiss. | ਜੋ ਸਚੇ ਸਾਹਿਬ ਨੂੰ ਸਿੰਞਾਣਦੇ ਹਨ, ਉਨ੍ਹਾਂ ਦੇ ਚਰਨ ਮੈਂ ਚੁੰਮਦਾ ਹਾਂ। |
| ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ | I seek Thy protection, O God. Thou art my forgiving Lord. | ਮੈਂ ਤੈਂਡੀ ਪਨਾਹ ਮੰਗਦਾ ਹਾਂ, ਹੇ ਵਾਹਿਗੁਰੂ! ਤੂੰ ਮੈਂਡਾ ਮਾਫ਼ੀ ਬਖਸ਼ਣਹਾਰ ਮਾਲਕ ਹੈਂ। |
| ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥ | Bless Thou Sheikh Farid with the bounty of Thine meditation, O my Lord. | ਤੂੰ ਸ਼ੇਖ ਫ਼ਰੀਦ ਨੂੰ ਆਪਣੇ ਸਿਮਰਨ ਦੀ ਭਿੱਛਿਆ ਦੀ ਦਾਤ ਦੇ, ਹੇ ਮੇਰੇ ਪ੍ਰਭੂ। |